# ਕੈਨੇਡਾ ਦਰਪਣ

ਨਵੰਬਰ 7, 1986

**November 7, 1986**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

Second Class Mail Reg. No. 5991

# ਕੈਨੇਡਾ ਦਰਪਣ

The Canada Darpan — Punjabi Weekly Newspaper

Weekending November 7, 1986 Vol. 5 No. 43 — Price 35¢ Out of Greater Vancouver 50¢ — Ph. (604)581-4473

ਗਿੱਲ ਆਟੋ ਸੇਲਜ਼

- ਪੁਰਾਣੀਆਂ ਜਾਂ ਨਵੀਆਂ ਕਾਰਾਂ
- ਵੈਨਾਂ
- ਪਿਕ ਅੱਪ

ਖ਼੍ਰੀਦਣ ਲਈ ਅੱਜ ਹੀ ਪਹੁੰਚੋ

GILL AUTO SALES
6138 Kingsway (Near Imperial), Burnaby
Ph. 432-7333

# ਬੇਦੋਸ਼ੇ ਕਤਲਾਂ ਵਿਰੁਧ

# ਪੰਜਾਬ 'ਚ ਮੁਕੰਮਲ ਬੰਦ

ਚੰਡੀਗੜ੍ਹ — ਪੰਜਾਬ ਦੇ ਪਿਡ ਖੁੰਭਾਂ ਵਿਚ 9 ਮਾਸੂਮ ਵਿਅਕਤੀਆਂ ਦੇ ਕਤਲ ਨੂੰ ਲੈ ਕੇ ਰਾਜਨੀਤਕ ਪਾਰਟੀਆਂ ਵਲੋਂ ਦਿਤਾ ਬੰਦ ਦਾ ਸੱਦਾ ਪੂਰੀ ਤਰ੍ਹਾਂ ਕਾਮਯਾਬ ਰਿਹਾ। ਇਹ ਸੱਦਾ ਅਕਾਲੀ ਦਲ ਕਾਂਗਰਸ, ਸੀ. ਪੀ. ਆਈ., ਸੀ. ਪੀ. ਐਮ. ਅਤੇ ਭਾਰਤੀ ਜਨਤਾ ਪਾਰਟੀ ਵਲੋਂ ਸਾਂਝੇ ਤੌਰ ਤੇ ਦਿੱਤਾ ਗਿਆ ਸੀ।

ਸਾਰੇ ਪੰਜਾਬ 'ਚ ਮੁਕੰਮਲ ਹੜਤਾਲ ਰਹੀ ਅਤੇ ਸਾਰਾ ਕਾਰੋਕਾਰ ਠੱਪ ਹੋ ਗਿਆ। ਪੁਲੀਸ ਸੂਤਰਾਂ ਅਨੁਸਾਰ ਬੰਦ ਦੇ ਸੱਦੇ ਨੂੰ ਸਰਹੱਦੀ ਇਲਾਕਿਆਂ ਵਿਚ ਵੀ ਪੂਰਾ ਹੁੰਗਾਰਾ ਮਿਲਿਆ। ਕਈ ਥਾਈਂ ਸ਼ਰਾਰਤੀ ਤੱਤਾਂ ਨੇ ਗੜਬੜ ਕਰਨ ਦੀ ਕੋਸ਼ਿਸ਼ ਵੀ ਕੀਤੀ। ਹੁਸ਼ਿਆਰਪੁਰ ਸ਼ਹਿਰ ਵਿਚ ਹੁੱਲੜਬਾਜ਼ੀ ਕਰਦੇ ਹਿੰਦੂ ਸ਼ਿਵ ਸੈਨਾ ਦੇ ਵਰਕਰਾਂ ਨੂੰ ਖਿਡਾਉਣ ਲਈ ਪੁਲੀਸ ਨੂੰ ਲਾਠੀਚਾਰਜ ਕਰਨਾ ਪਿਆ। ਚਾਰ ਵਿਅਕਤੀ ਜ਼ਖਮੀ ਹੋ ਗਏ। ਸ਼ਹਿਰ ਵਿਚ ਅਣਮਿਥੇ ਸਮੇਂ ਲਈ ਕਰਫਿਊ ਲਾ ਦਿਤਾ ਗਿਆ ਹੈ।

ਪੰਜਾਬ ਦੇ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਪ੍ਰਧਾਨ ਮੰਤਰੀ ਤੋਂ ਨੀਮ ਫੌਜੀ ਦਲ ਦੇ ਪੰਜ ਹਜ਼ਾਰ ਹੋਰ ਸਿਪਾਹੀਆਂ ਦੀ ਮੰਗ ਕੀਤੀ ਹੈ। ਖੁੰਭਾਂ ਪਿਡ ਦਾ ਦੌਰਾ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਬਰਨਾਲਾ ਨੇ ਕਿਹਾ ਕਿ ਅਤਿਵਾਦੀਆਂ ਦਾ ਟਾਕਰਾ ਕਰਨ ਲਈ ਹੋਰ ਸਹਾਇਤਾ ਦੀ ਲੋੜ ਹੈ।

ਪੁਲੀਸ ਅਨੁਸਾਰ ਅਤਿਵਾਦੀ ਮਾਸੂਮ ਲੋਕਾਂ ਦੇ ਕਤਲ ਬਦਲੇ ਦੀ ਭਾਵਨਾ ਨਾਲ ਕਰ ਰਹੇ ਹਨ। ਮੁਕਤਸਰ ਬੱਸ ਕਾਂਡ ਤੋਂ ਬਾਅਦ ਇਹ ਦੂਜਾ ਵੱਡਾ ਹਮਲਾ ਹੈ ਜਿਸ ਵਿਚ ਦੋਹਾਂ ਫਿਰਕਿਆਂ ਦੇ ਲੋਕਾਂ ਦੀਆਂ ਜਾਨਾਂ ਗਈਆਂ ਹਨ।

ਪੰਜਾਬ ਪੁਲੀਸ ਨੇ ਦਾਅਵਾ ਕੀਤਾ ਹੈ ਕਿ ਪੁਲੀਸ ਮੁਖੀ ਰੇਬੀਰੋ 'ਤੇ ਹੋਏ ਹਮਲੇ ਦੇ ਸਬੰਧ 'ਚ ਇਕ ਅਤਿਵਾਦੀ ਨੇਤਾ ਅਤੇ ਤਿੰਨ ਸਾਬਕਾ ਪੁਲਸੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

## ਦੀਵਾਲੀ ਮੁਬਾਰਕ!



## ਪੰਜਾਬ ਅਤੇ ਰਾਜਸਥਾਨ ਸਰਹੱਦ ਉਤੇ 16 ਪਾਕਿਸਤਾਨੀ ਹਲਾਕ

ਚੰਡੀਗੜ੍ਹ — ਪਿਛਲੇ ਦੋ ਦਿਨਾਂ ਵਿਚ ਪੰਜਾਬ ਅਤੇ ਰਾਜਸਥਾਨ ਸਰਹੱਦ ਉਤੇ ਅਜਿਹੇ 16 ਪਾਕਿਸਤਾਨੀ ਬੀ. ਐਸ. ਐਫ. ਦੀਆਂ ਗੋਲੀਆਂ ਦਾ ਸ਼ਿਕਾਰ ਹੋਏ ਹਨ ਜੋ ਪੰਜਾਬ ਅਤੇ ਰਾਜਸਥਾਨ ਵਿਚ ਘੁਸਪੈਂਠ ਕਰ ਰਹੇ ਸਨ।

ਬੀ. ਐਸ. ਐਫ. ਦੇ ਇਕ ਬੁਲਾਰੇ ਅਨੁਸਾਰ 9 ਪਾਕਿਸਤਾਨੀ ਉਸ ਸਮੇਂ ਮਾਰੇ ਗਏ ਜਦ ਉਹ ਅੰਮ੍ਰਿਤਸਰ ਜ਼ਿਲੇ ਦੇ ਖੇਮਕਰਨ ਇਲਾਕੇ ਵਿਚ ਘੁਸਪੈਂਠ ਕਰ ਰਹੇ ਸਨ। ਬੀ. ਐਸ. ਐਫ. ਦੇ ਬੁਲਾਰੇ ਨੇ ਦਾਅਵਾ ਕੀਤਾ ਕਿ ਇਹ ਨੌਂ ਲਾਸ਼ਾਂ ਪਾਕਿਸਤਾਨੀ ਕੌਮੀਅਤ ਦੇ ਵਿਅਕਤੀਆਂ ਦੀਆਂ ਹਨ। ਚਾਰ ਲਾਸ਼ਾਂ ਬਾਰੇ ਅਜੇ ਸ਼ਨਾਖਤ ਨਹੀਂ ਹੋ ਸਕੀ। ਖੇਮਕਰਨ ਇਲਾਕੇ ਵਿਚ 13 ਵਿਅਕਤੀ ਸਰਹੱਦ ਪਾਰ ਕਰਦੇ ਮਰੇ ਹਨ।

2 ਪਾਕਿਸਤਾਨੀ ਅਨੂਪਗੜ੍ਹ ਅਤੇ ਇਕ ਰਾਜਸਥਾਨ ਦੇ ਸ੍ਰੀ ਗੰਗਾਨਗਰ ਇਲਾਕੇ ਵਿਚ ਬੀ. ਐਸ. ਐਫ. ਹੱਥੋਂ ਮਾਰਿਆ ਗਿਆ।

ਰਾਜਸੀ ਹਲਕਿਆਂ ਵਿਚ ਇਹ ਵਿਸ਼ਵਾਸ਼ ਕੀਤਾ ਜਾ ਰਿਹਾ ਹੈ ਕਿ ਜੇ ਪਾਕਿਸਤਾਨ ਸਰਕਾਰ ਵਲੋਂ ਅਜਿਹੀ ਘੁਸਪੈਂਠ ਜਾਰੀ ਰਹੀ ਤਾਂ ਸਰਹੱਦ ਉਤੇ ਤਣਾਅ ਵਧਣ ਵਿਚ ਬਹੁਤੀ ਦੇਰ ਨਹੀਂ ਲੱਗੇਗੀ ਤੇ ਹੋ ਸਕਦਾ ਹੈ ਕਿ ਇਹ ਤਣਾਅ ਮੁਕੰਮਲ ਜੰਗ ਵਿਚ ਤਬਦੀਲ ਹੋ ਜਾਵੇ।

## ਕਤਲਾਂ ਦੇ ਰੋਸ ਵਜੋਂ ਦਿੱਲੀ 'ਚ ਮੁਜ਼ਾਹਰਾ

ਦਿੱਲੀ — ਖੁੰਭਾਂ ਪਿਡ ਦੀ ਘਟਨਾ ਨੂੰ ਲੈ ਕੇ ਰਾਜਧਾਨੀ ਵਿਚ ਵੀ ਤਣਾਉ ਵਧ ਗਿਆ ਅਤੇ ਮੁਜ਼ਾਹਰਾ ਕਰ ਰਹੀ ਇਕ ਭੀੜ ਨੂੰ ਖਿਡਾਉਣ ਲਈ ਪੁਲੀਸ ਨੂੰ ਗੋਲੀ ਚਲਾਉਣੀ ਪਈ।

ਭੀੜ ਨੇ ਪੁਲੀਸ 'ਤੇ ਪਥਰਾਉ ਕੀਤਾ। ਕਈ ਪੁਲੀਸ ਵਾਲੇ ਜ਼ਖਮੀ ਹੋ ਗਏ। ਭੜਕੀ ਭੀੜ ਨੇ ਕਈ ਮੋਟਰ ਗੱਡੀਆਂ ਨੂੰ ਅੱਗ ਵੀ ਲਾ ਦਿੱਤੀ।

ਦਿੱਲੀ 'ਚ ਦਫ਼ਾ 144 ਲਾਗੂ ਕਰ ਦਿਤੀ ਗਈ ਹੈ।

ਡੈਲਟਾ-ਸਰੀ ਨਿਵਾਸੀਆਂ ਨੂੰ ਹੁਣ ਹੋਰ ਥਾਂ ਜਾਣ ਦੀ ਲੋੜ ਨਹੀਂ — ਸਿੱਧੇ ਸਕਾਟ ਰੋਡ ਉਤੇ ਚਲੇ ਆਓ

ਆਪਣੀ ਮਰਜ਼ੀ ਦੇ ਗਹਿਣੇ ਬਣਵਾਓ — 40 ਸਾਲ ਦਾ ਤਜਰਬਾ

ਸਾਡੇ ਕੋਲ ਚਾਂਦੀ ਦੇ ਗਹਿਣੇ ਸਪੈਸ਼ਲ ਤੇ ਵੱਖਰੇ ਵੱਖਰੇ ਡੀਜ਼ਾਈਨਾਂ ਵਿਚ ਹਨ - ਆਓ ਤੇ ਆ ਕੇ ਦੇਖੋ

PH. 588-5808

ਏ. ਸੀ. ਜਿਊਲਰਜ਼



ਫਗਵਾੜੇ ਵਾਲਿਆਂ ਦੀ ਦੁਕਾਨ

9373 - 120 St. Delta, B.C.

# BOMBAY SWEETS

## MANUFACTURER INC.



NARESH SHUKLA

**PH. (604) 321-1414 or 874-5722**

CONTACT: NARESH SHUKLA & BROS.



*Happy Diwali*

**ਦੀਵਾਲੀ ਵਾਸਤੇ ਧੜਾ ਧੜ ਮਠਿਆਈਆਂ ਬਣ ਰਹੀਆਂ ਹਨ !**

ਇਸ ਵਾਰੀ ਬੰਬੇ ਸਵੀਟਸ ਤੇ ਆਪਣੀਆਂ ਮਨਪਸੰਦ ਮਠਿਆਈਆਂ ਲਈ ਜ਼ਰੂਰ ਗੇੜਾ ਮਾਰਨਾ

## ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ

$2.50 ਪੌਂਡ ਵਾਲੇ
**ਲੱਡੂ**
**$1.75 lb.**

**ਬੰਬੇ ਸਵੀਟਸ ਹਫ਼ਤੇ ਦੇ ਸੱਤੇ ਦਿਨ ਖੁਲ੍ਹਾ**

$2.50 ਪੌਂਡ ਵਾਲੀਆਂ
**ਜਲੇਬੀਆਂ**
**$1.49 lb.**

**ਦੁਕਾਨ 9 ਵਜੇ ਸਵੇਰ ਤੋਂ ਸ਼ਾਮ ਦੇ 9 ਵਜੇ ਤੱਕ ਖੁਲ੍ਹੀ ਰਹਿੰਦੀ ਹੈ**

● ਗੁਲਾਬ ਜਾਮਨ ● ਕਲਾਕੰਦ ● ਰਸਭਰੀ ● ਚਮ-ਚਮ ● ਪਤੀਸਾ
● ਕੋਕੋਨਟ ਦੀ ਬਰਫੀ ● ਬਾਦਾਮਾਂ ਦੀ ਬਰਫੀ ● ਚਾਕਲੇਟ ਦੀ ਬਰਫੀ
● ਪਿਸਤੇ ਦੀ ਬਰਫੀ ● ਅੰਮਰਤੀਂਆਂ ● ਲੱਡੂ ● ਜਲੇਬੀਆਂ ● ਰਸਗੁੱਲੇ
ਤੇ ਹੋਰ ਕਈ ਕਿਸਮ ਦੀ ਮਠਿਆਈ

ਵੰਨ ਸੁਵੰਨੀਆਂ ਤਾਜ਼ੀਆਂ ਤੇ ਸੁਆਦੀ ਮਠਿਆਈਆਂ ਦੀ ਹਰ ਸਾਲ ਦੀ ਤਰ੍ਹਾਂ ਵੱਡੀ ਰਿਕਾਰਡ ਤੋੜ ਸੇਲ ਚਾਲੂ ਹੋ ਗਈ

**Best Indian Sweet Manufacturer With Largest Variety**

*"You're welcome"*

**CONTACT:**

# NARESH SHUKLA & BROS

# ਕੇਂਦਰੀ ਗ੍ਰਹਿ ਮੰਤਰੀ ਖੁੰਭਾਂ ਪਿੰਡ ਵਿਚ

## ਬੂਟਾ ਸਿੰਘ ਮ੍ਰਿਤਕਾਂ ਦੇ ਪ੍ਰਵਾਰਾਂ ਨੂੰ ਮਿਲੇ

ਫੀਰੋਜ਼ਪੁਰ — 26 ਅਕਤੂਬਰ ਨੂੰ ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ ਨੇ ਖੁੰਭਾਂ ਪਿੰਡ ਦਾ ਦੌਰਾ ਕੀਤਾ ਜਿਥੇ ਸ਼ਨਿਚਰਵਾਰ 25 ਅਕਤੂਬਰ ਨੂੰ ਦਹਿਸ਼ਤਪਸੰਦਾਂ ਨੇ ਪਿੰਡ ਦੇ ਸੱਤ ਵਿਅਕਤੀ ਗੋਲੀਆਂ ਚਲਾ ਕੇ ਮਾਰ ਦਿਤੇ ਸਨ

ਪਿੰਡ ਵਿਚ ਬੂਟਾ ਸਿੰਘ ਮ੍ਰਿਤਕਾਂ ਦੇ ਪਰਵਾਰਾਂ ਨੂੰ ਮਿਲੇ ਅਤੇ ਪ੍ਰਧਾਨ ਮੰਤਰੀ ਵਲੋਂ ਇਨ੍ਹਾਂ ਵਹਿਸ਼ੀ ਕਤਲਾਂ ਉਪਰ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਿੰਡ ਦੇ ਲੋਕਾਂ ਨੂੰ ਭਰੋਸਾ ਦਿਤਾ ਕਿ ਸਰਕਾਰ ਉਨ੍ਹਾਂ ਦੀ ਜਾਨ ਅਤੇ ਮਾਲ ਦੀ ਰੱਖਿਆ ਕਰੇਗੀ।

ਬਾਅਦ ਵਿਚ ਬੂਟਾ ਸਿੰਘ ਚੰਡੀਗੜ੍ਹ ਪਹੁੰਚੇ। ਜਿਥੇ ਉਨ੍ਹਾਂ ਪੰਜਾਬ ਦੇ ਗਵਰਨਰ ਸਿਧਾਰਥ ਸ਼ੰਕਰ ਰੇਅ, ਮੁੱਖ ਮੰਤਰੀ ਬਰਨਾਲਾ ਅਤੇ ਪੰਜਾਬ ਦੇ ਪੁਲਸ ਅਧਿਕਾਰੀਆਂ ਨਾਲ ਵੱਖ ਵੱਖ ਮੀਟਿੰਗਾਂ ਕੀਤੀਆਂ। ਸਾਡੇ ਪੱਤਰਕਾਰ ਦਾ ਕਹਿਣਾ ਹੈ ਕਿ ਇਨ੍ਹਾਂ ਮੀਟਿੰਗਾਂ ਵਿਚ ਇਹ ਮਹਿਸੂਸ ਕੀਤਾ ਗਿਆ ਕਿ ਦਹਿਸ਼ਤਪਸੰਦ ਪੁਲਸ ਦੇ ਦਬਾਓ ਕਾਰਨ ਆਪਣੀਆਂ ਕਾਰਗੁਜ਼ਾਰੀਆਂ ਨਵੇਂ ਇਲਾਕਿਆਂ ਵਿਚ ਸ਼ੁਰੂ ਕਰਨ ਲੱਗ ਪਏ ਹਨ। ਪੁਲਸ ਅਧਿਕਾਰੀਆਂ ਨਾਲ ਮੀਟਿੰਗ ਵਿਚ ਇਹ ਫੈਸਲਾ ਹੋਇਆ ਦੱਸਿਆ ਜਾਂਦਾ ਹੈ ਕਿ ਅਮਨ ਤੇ ਕਾਨੂੰਨ ਦੀ ਵਿਵਸਥਾ ਬਣਾਏ ਰੱਖਣ ਲਈ ਪੰਜਾਬ ਵਿਚ ਫੀਰੋਜ਼ਪੁਰ ਅਤੇ ਰਾਜਸਥਾਨ ਵਿਚ ਸ੍ਰੀ ਗੰਗਾਨਗਰ ਦੇ ਵਿਚਕਾਰਲੇ ਇਲਾਕਿਆਂ ਨੂੰ ਸੈਕਟਰਾਂ ਵਿਚ ਵੰਡ ਲਿਆ ਜਾਵੇ। ਸੰਚਾਰ-ਪ੍ਰਣਾਲੀ ਨੂੰ ਮਜ਼ਬੂਤ ਬਣਾਏ ਜਾਣ ਉਤੇ ਵੀ ਜ਼ੋਰ ਦਿਤਾ ਗਿਆ ਦੱਸਿਆ ਜਾਂਦਾ ਹੈ।

# ਮਲਕੀਅਤ ਸਿੰਘ ਮੁੱਤੀ ਪ੍ਰਧਾਨਗੀ ਦੀ ਚੋਣ ਲਈ ਉਮੀਦਵਾਰ



ਨੀਊਵੈਸਟਮਿਨਸਟਰ — ਇਕ ਸੂਚਨਾ ਅਨੁਸਾਰ 1986-87 ਲਈ ਨਿਊਵੈਸਟ ਮਿਨਸਟਰ ਗੁਰੂ ਘਰ ਦੀਆਂ ਵੋਟਾਂ ਬਣਾਉਣ ਦਾ ਅੰਤਮ ਦਿਨ ਸ਼ੁਕਰਵਾਰ ਹੈ। ਸ਼ੁਕਰਵਾਰ 31 ਅਕਤੂਬਰ ਨੂੰ ਦੋ ਵਜੇ ਤੋਂ ਸ਼ਾਮ ਦੇ ਛੇ ਵਜੇ ਤੱਕ ਜਿਸ ਨੇ ਵੀ ਵੋਟਾਂ ਬਣਵਾਉਣੀਆਂ ਹੋਣ ਬਣਾ ਸਕਦਾ ਹੈ।

ਪਤਾ ਲੱਗਾ ਹੈ ਕਿ ਆਉਂਦੀਆਂ ਚੋਣਾਂ ਵਿਚ ਕਮਿਊਨਿਟੀ ਵਿਚ ਜਾਣੇ ਪਹਿਚਾਣੇ ਵਿਅਕਤੀ ਮਲਕੀਅਤ ਸਿੰਘ ਮੁੱਤੀ ਪ੍ਰਧਾਨਗੀ ਦੀ ਸੇਵਾ ਲਈ ਉਮੀਦਵਾਰ ਹੋਣਗੇ। ਸ: ਮੁੱਤੀ ਨੇ ਫੋਨ ਰਾਹੀਂ ਦੱਸਿਆ ਕਿ ਇਸ ਵਾਰ ਗੁਰੂ ਘਰ ਦੀਆਂ ਸ਼ਰਧਾਲੂ ਸੰਗਤਾਂ ਵੱਡੀ ਗਿਣਤੀ ਵਿਚ ਨੀਊਵੈਸਟ ਗੁਰੂ ਘਰ ਦੀਆਂ ਮੈਂਬਰ ਬਣ ਰਹੀਆਂ ਹਨ ਤਾਕਿ ਅਜਿਹੇ ਸੇਵਾਦਾਰ ਅੱਗੇ ਲਿਆਂਦੇ ਜਾਣ ਜੋ ਗੁਰੂ ਘਰ ਦੀ ਚੜ੍ਹਦੀ ਕਲਾ ਲਈ ਕੰਮ ਕਰਨ।

ਸ: ਮੁੱਤੀ ਨੇ ਕਿਹਾ ਕਿ ਸੰਗਤਾਂ ਨੂੰ ਪੁਰਜ਼ੋਰ ਅਪੀਲ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਨੇ ਅਜੇ ਤੱਕ ਆਪਣੀ ਮੈਂਬਰਸ਼ਿਪ ਦੇ ਫਾਰਮ ਨਹੀਂ ਭਰੇ ਉਹ ਗੁਰੂ ਘਰ ਸ਼ੁਕਰਵਾਰ ਪਹੁੰਚਕੇ ਆਪਣੀ ਮੈਂਬਰਸ਼ਿਪ ਜ਼ਰੂਰ ਲੈਣ।

# ਕਤਲ ਕਰਨ ਵਾਲੇ ਆਪਣੇ ਹੋਸ਼ ਗਵਾ ਬੈਠੇ ਹਨ ...... ਬਰਨਾਲਾ

ਚੰਡੀਗੜ੍ਹ — ਫੀਰੋਜ਼ਪੁਰ ਦੇ ਖੁੰਭਾਂ ਪਿੰਡ ਵਿਚ ਸੱਤ ਬੇਕਸੂਰ ਲੋਕਾਂ ਦੇ ਕਤਲ ਉਤੇ ਅਫਸੋਸ ਪ੍ਰਗਟਾਉਂਦਿਆਂ ਪੰਜਾਬ ਦੇ ਮੁੱਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੇ ਕਿਹਾ ਕਿ ਦਹਿਸ਼ਤਪਸੰਦ ਲੋਕਾਂ ਦੀ ਮੱਤ ਮਾਰੀ ਗਈ ਲੱਗਦੀ ਹੈ ਜਿਨ੍ਹਾਂ ਨੂੰ ਚੰਗੇ ਮੰਦੇ ਦੀ ਪਛਾਣ ਭੁੱਲ ਗਈ ਹੈ। ਉਨ੍ਹਾਂ ਕਿਹਾ ਕਿ ਦਹਿਸ਼ਤਪਸੰਦਾਂ ਬਾਰੇ ਲੋਕਾਂ ਦਾ ਵਤੀਰਾ ਬਦਲਣ ਨਾਲ ਦਹਿਸ਼ਤਪਸੰਦ ਆਪਣੇ ਹੋਸ਼ ਗਵਾ ਬੈਠੇ ਹਨ। ਸ: ਬਰਨਾਲਾ ਨੇ ਕਿਹਾ ਕਿ ਸੱਤ ਨਿਰਦੋਸ਼ ਲੋਕਾਂ ਉਤੇ ਗੋਲੀਆਂ ਚਲਾਕੇ ਕਿਹੜੀ ਬਹਾਦਰੀ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਵਿਚ ਇਹ ਦਹਿਸ਼ਤਗਰਦ ਆਪਣੀ ਸਾਖ ਉਕਾ ਹੀ ਗੁਆ ਬੈਠੇ ਹਨ।

ਸ: ਬਰਨਾਲਾ ਨੇ ਸਾਰੀਆਂ ਰਾਜਸੀ ਪਾਰਟੀਆਂ ਨੂੰ ਅਪੀਲ ਕੀਤੀ ਕਿ ਉਹ ਆਮ ਲੋਕਾਂ ਨੂੰ ਲਾਮਬੰਦ ਕਰਕੇ ਦਹਿਸ਼ਤਗਰਦਾਂ ਵਿਰੁੱਧ ਅਜਿਹਾ ਮਾਹੌਲ ਤਿਆਰ ਕਰਨ ਕਿ ਇਨ੍ਹਾਂ ਲੋਕਾਂ ਨੂੰ ਕਿਤੇ ਢੋਈ ਨਾ ਮਿਲੇ।

ਮੁੱਖ ਮੰਤਰੀ ਨੇ ਪਿੰਡ ਖੁੰਭਾਂ ਦੇ ਸੱਤ ਮ੍ਰਿਤਕਾਂ ਦੇ ਪਰਵਾਰਾਂ ਨੂੰ ਵੀਹ ਵੀਹ ਹਜ਼ਾਰ ਰੁਪਏ ਦੀ ਗਰਾਂਟ ਤੋਂ ਬਿਨਾਂ ਹਰ ਪ੍ਰਵਾਰ ਦੇ ਇਕ ਜੀਅ ਨੂੰ ਸਰਕਾਰੀ ਨੌਕਰੀ ਦਾ ਭਰੋਸਾ ਦਿਤਾ।

# ਨਸਲੀ ਵਿਤਕਰੇ 'ਚ ਤਬਦੀਲੀ ਨਹੀਂ ਆਈ

ਮਾਂਟਰੀਅਲ — ਕੈਨੇਡੀਅਨ ਯਹੂਦੀ ਜਥੇਬੰਦੀ ਵਲੋਂ ਕਰਵਾਏ ਗਏ ਇਕ ਸਰਵੇਖਣ ਅਨੁਸਾਰ ਕੈਨੇਡਾ 'ਚ ਨਸਲ ਅਤੇ ਰੰਗ ਦੇ ਅਧਾਰ 'ਤੇ ਹੁੰਦੇ ਵਿਤਕਰੇ ਵਿਚ ਕੋਈ ਤਬਦੀਲੀ ਨਹੀਂ ਆਈ।

ਮਾਂਟਰੀਅਲ ਦੀ ਕੋਨਕਾਰਡੀਆ ਯੂਨੀਵਰਸਿਟੀ ਦੇ ਪ੍ਰੋਫੈਸਰ ਟੇਲਰ ਬਕਨਰ (ਜਿਸਨੇ ਇਹ ਅਧਿਅਨ ਕੀਤਾ) ਅਨੁਸਾਰ ਦੇਸ਼ ਦੇ ਪੂਰਬੀ ਭਾਗਾਂ 'ਚ ਇਹ ਨਫਰਤ ਜ਼ਿਆਦਾ ਹੈ। ਖਾਸ ਕਰ ਰੋਮਨ ਕੈਥੋਲਿਕ ਤਬਕੇ ਦੇ ਅਨਪੜ੍ਹ ਲੋਕਾਂ ਨਾਲ ਮਾੜਾ ਵਰਤਾਉ ਕੀਤਾ ਜਾਂਦਾ ਹੈ। ਰੀਪੋਰਟ ਵਿਚ ਯਹੂਦੀ, ਪੋਲਜ ਅਤੇ ਇਟਾਲੀਅਨ ਘੱਟ ਗਿਣਤੀ ਨਾਲ ਹੁੰਦੇ ਵਿਤਕਰਿਆਂ ਦਾ ਵਰਨਣ ਕੀਤਾ ਗਿਆ ਹੈ।

ਅਧਿਐਨ ਤੋਂ ਇਹ ਗੱਲ ਵੀ ਉਭਰ ਕੇ ਸਾਹਮਣੇ ਆਈ ਹੈ ਕਿ ਅਮਰੀਕਾ 'ਚ ਘੱਟ ਗਿਣਤੀਆਂ ਨਾਲ ਹੁੰਦਾ ਨਸਲੀ ਵਿਤਕਰਾ ਵੀ ਕੈਨੇਡਾ ਦੇ ਬਰਾਬਰ ਹੀ ਹੈ।

# ਸੰਖੇਪ ਪਰ ਵਿਸ਼ੇਸ਼

- ਅਕਾਲੀ ਰੁੱਸੇ ਨੌਜਵਾਨਾਂ ਨਾਲ ਗੱਲਬਾਤ ਲਈ ਤਿਆਰ
- ਜਲੰਧਰ ਵਿਚ ਇਕ ਬੈਂਕ ਲੁੱਟੀ ਗਈ
- ਪਾਕਿਸਤਾਨ ਵਿਚ ਹੋਏ ਹਵਾਈ ਹਾਦਸੇ ਵਿਚ 17 ਮਰੇ ਮਰਨ ਵਾਲਿਆਂ ਵਿਚ ਇਕ ਭਾਰਤੀ।
- ਕੌਮੀ ਗੀਤ ਬਾਰੇ ਕੇਂਦਰ ਅਪੀਲ ਕਰੇਗਾ।
- ਉਜੈਨ ਵਿਚ ਰੇਲ ਹਾਦਸੇ ਕਾਰਨ 17 ਮੌਤਾਂ
- ਬੰਗਲਾ ਦੇਸ਼ ਵਿਚ ਇਰਸ਼ਾਦ ਨੇ ਪੁਰਾਣੇ ਮੰਤਰੀ ਰੱਖੇ।
- ਅਰਜਨ ਸਿੰਘ ਨੇ ਪੀ. ਸੀ. ਸੇਠੀ ਨੂੰ ਮੁਅੱਤਲ ਕਰਨ ਨੂੰ ਜਾਇਜ਼ ਠਹਿਰਾਇਆ।
- ਤ੍ਰਿਪਾਠੀ ਅਰਜਨ ਸਿੰਘ ਦੇ ਕੇਂਦਰੀ ਮੰਤਰੀ ਅਤੇ ਕਾਂਗਰਸ ਦਾ ਮੀਤ-ਪ੍ਰਧਾਨ ਬਣੇ ਰਹਿਣ ਦੇ ਵਿਰੁੱਧ
- ਗੋਰਖਾਲੈਂਡੀਆ ਲੀਡਰ ਗੇਜ਼ਿੰਗ ਐਜੀਟੇਸ਼ਨ ਤੇਜ਼ ਕਰਨ ਦੇ ਹੱਕ ਵਿਚ
- ਮਲੋਟ ਵਿਚ ਬਾਦਲ ਧੜੇ ਨੇ ਆਪਣੀ ਮੀਟਿੰਗ ਰੱਦ ਕੀਤੀ।
- ਕਾਨ੍ਹਪੁਰ ਵਿਚ ਸੋਭਰਾਜ ਦੇ ਪੰਜ ਸਾਥੀ ਫੜੇ ਗਏ।

# ਬੀ. ਸੀ. ਚੋਣਾਂ ਵਿਚ ਜੇਤੂ ਉਮੀਦਵਾਰਾਂ ਨੂੰ ਸ੍ਰ: ਖੁਰਾਣਾ ਵਲੋਂ ਵਧਾਈ

ਵੈਨਕੂਵਰ — ਰੋਕੋ ਸਾੜੀਜ਼ (ਫਰੇਜ਼ਰ ਸਟਰੀਟ) ਅਤੇ ਗੁਰੂ ਬਜ਼ਾਰ (ਮੇਨ ਸਟਰੀਟ) ਦੇ ਮਾਲਕ ਸ: ਸਰਬਜੀਤ ਸਿੰਘ ਖੁਰਾਣਾ ਅਤੇ ਸੰਨੀ ਖੁਰਾਣਾ ਨੇ ਬੀ. ਸੀ. ਦੀਆਂ ਚੋਣਾਂ ਵਿਚ ਜਿੱਤੇ ਉਮੀਦਵਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਹੈ ਕਿ ਜਮਹੂਰੀ ਢੰਗ ਨਾਲ ਹੋਈਆਂ ਇਹ ਚੋਣਾਂ ਬੀ. ਸੀ. ਦੇ ਲੋਕਾਂ ਦੀ ਆਵਾਜ਼ ਦੀ ਸਹੀ ਪ੍ਰਤੀਨਿਧਤਾ ਕਰਦੀਆਂ ਹਨ।

ਸ: ਖੁਰਾਣਾ ਨੇ ਸਾਊਥ ਵੈਨਕੂਵਰ ਤੋਂ ਜੇਤੂ ਉਮੀਦਵਾਰਾਂ ਮਿ: ਰਸ ਫਰੇਜ਼ਰ ਅਤੇ ਸਟੀਵਨ ਰੋਜਰਜ਼ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਕਮਿਊਨਿਟੀ ਦੀ ਹਮੇਸ਼ਾ ਹੀ ਸੇਵਾ ਕੀਤੀ ਹੈ। ਇਸੇ ਸੇਵਾ ਦਾ ਨਤੀਜਾ ਹੈ ਕਿ ਕਮਿਊਨਿਟੀ ਨੇ ਦੋਵਾਂ ਉਮੀਦਵਾਰਾਂ ਨੂੰ ਮੁੜ ਜਿਤਾਇਆ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਮਿ: ਰੋਜਰਜ਼ ਤੇ ਮਿ: ਫਰੇਜ਼ਰ ਉਸੇ ਤਰ੍ਹਾਂ ਕਮਿਊਨਿਟੀ ਦੇ ਭਲੇ ਲਈ ਕੰਮ ਕਰਦੇ ਰਹਿਣਗੇ।

# 7 ਹੋਰ ਨਿਰਦੋਸ਼ ਵਿਅਕਤੀ ਕਤਲ

ਚੰਡੀਗੜ੍ਹ — ਖੁੰਭਾਂ ਪਿੰਡ ਦੀ ਘਟਨਾ ਤੋਂ ਬਾਅਦ ਵੀ ਅਤਿਵਾਦੀ ਕਾਰਵਾਈਆਂ 'ਚ ਕੋਈ ਕਮੀ ਨਹੀਂ ਆਈ। ਬੀਤੇ ਦਿਨ ਅਤਿਵਾਦੀਆਂ ਨੇ ਚਾਰ ਵੱਖ ਵੱਖ ਥਾਈਂ ਗੋਲੀ ਚਲਾ ਕੇ ਸੱਤ ਹੋਰ ਵਿਅਕਤੀ ਮਾਰ ਦਿਤੇ। ਗੋਲੀ ਦਾ ਸ਼ਿਕਾਰ ਹੋਣ ਵਾਲਿਆਂ 'ਚ ਤਿੰਨ ਸਿਖ ਅਤੇ ਤਿੰਨ ਹਿੰਦੂ ਸ਼ਾਮਲ ਹਨ।


AUTOMOTIVE 8670 - 120th St. (Scott Road) Surrey

OLYMPIA
AUTO-BODY
590-2363
Complete Body Work & Painting for All Makes
Windshield - Replacement Window Regulator - Door Lock & Rust Repairs
I.C.B.C. Claims handled
30% to 50% OFF Deductible
FREE ESTIMATES
FREE ESTIMATES
FREE COURTESY CARS
OVER 10 YEARS EXPERIENCE

RADIATORS
■ NEW ■ USED
■ RECORE ■ REPAIRS
REVERSE FLUSH SPECIAL $4.95
(Most Cars) with this Ad.
"We Buy & Sell Used Radiators"
ਅਸੀਂ ਪੁਰਾਣੇ ਅਤੇ ਨਵੇਂ ਰੇਡੀਏਟਰਜ਼ ਖ੍ਰੀਦਦੇ ਅਤੇ ਵੇਚਦੇ ਹਾਂ
594-2231
R.J. RADIATIORS Ltd.
8670 - 120th St.(Scott Rd.) Surrey, B.C.

G & A'S
CAR CLINIC
Domestic & Import Auto Repairs
FREE
Brake & Safety Check
Oil • Filter • Lube
$14.95
TUNE-UP
$35.00 Plus Parts
Complete Auto Repairs
Ask for Gian 590-5554

**THE CANADA DARPAN**
(Punjabi Weekly Newspaper)
P.O.BOX 265
Surrey, B.C. V3T 4W8
Chief Editor: (Hon.) DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

# ਪੰਜਾਬ ਦੀ ਨਿਘਰਦੀ ਜਾਂਦੀ ਹਾਲਤ

ਪਿਛਲੇ ਕੁਝ ਦਿਨਾਂ ਤੋਂ ਫਿਰ ਪੰਜਾਬ ਵਿਚ ਕੁਝ ਥਾਵਾਂ ਉਤੇ ਬੇਦੋਸ਼ੇ ਲੋਕਾਂ ਦਾ ਲਹੂ ਡੋਲ੍ਹਿਆ ਜਾ ਰਿਹਾ ਹੈ। ਇਹ ਬੇਦੋਸ਼ੇ ਬੇਸ਼ਕ ਉਹ ਲੋਕ ਹਨ ਜੋ ਹਿੰਦੂ ਹਨ ਭਾਵੇਂ ਸਿੱਖ ਜੋ ਬਿਨਾਂ ਕਿਸੇ ਕਸੂਰ ਦੇ ਛਾਨਣੀ ਕਰ ਦਿਤੇ ਜਾਂਦੇ ਹਨ। ਜਾਂ ਉਹ ਬੇਕਸੂਰ ਨੌਜਵਾਨ ਹਨ ਜੋ ਪੰਜਾਬ ਪੁਲਸ ਆਪਣੇ ਕਾਲੇ ਕਾਰਨਾਮਿਆਂ ਨੂੰ ਲੁਕਾਉਣ ਲਈ ਮਾਰਦੀ ਹੈ। ਅਸਲ ਵਿਚ ਇਸ ਦਹਿਸ਼ਤਗਰਦੀ ਦੇ ਕਾਲੇ ਦਿਨ ਲਿਆਉਣ ਵਿਚ ਜੋ ਘਟੀਆ ਰੋਲ ਪੰਜਾਬ ਦੀ ਪੁਲਸ ਨੇ ਕੀਤਾ ਹੈ ਉਹ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਪਰ ਦੂਜੇ ਪਾਸੇ ਜੋ ਲੋਕ ਆਪਣੇ ਘਰਾਂ ਤੋਂ ਕੰਮਾਂ ਕਾਰਾਂ ਲਈ ਬਾਹਰ ਜਾਂਦੇ ਹਨ — ਜਾਂ ਜੋ ਆਪਣੇ ਟੱਬਰਾਂ ਦੇ ਗੁਜ਼ਾਰੇ ਖਾਤਰ ਮਾੜੀਆਂ ਮੋਟੀਆਂ ਦੁਕਾਨਾਂ ਕਰਦੇ ਹਨ ਉਨ੍ਹਾਂ ਨੂੰ ਭਰੇ ਬਾਜ਼ਾਰ ਬਿਨਾਂ ਕਸੂਰ ਸਟੇਨ ਗੰਨਾਂ ਨਾਲ ਛਾਣਾ ਦੇ ਦੇਣਾ ਵੀ ਜ਼ਹਾਲਤ ਦੀ ਇੰਤਹਾ ਹੈ।

ਪੁਲਸ ਜਾਂ ਫੌਜ ਜ਼ਿਆਦਤੀ ਕਰਦੀ ਹੈ ਤਾਂ ਉਸਦਾ ਸਿੱਟਾ ਬੇਗੁਨਾਹ ਲੋਕਾਂ ਨੂੰ ਕਿਉਂ ਭੁਗਤਣਾ ਪਵੇ? ਇਸੇ ਰੁਝਾਨ ਨੂੰ ਰੋਕਣ ਲਈ ਕੁਝ ਪਾਰਟੀਆਂ ਹੁਣ ਪੰਜਾਬ ਵਿਚ ਸ਼ਰੇਆਮ ਸਾਹਮਣੇ ਆਈਆਂ ਹਨ। ਬੇਸ਼ਕ ਉਨ੍ਹਾਂ ਪਾਰਟੀਆਂ ਦੇ ਆਗੂਆਂ ਨੂੰ ਵੀ ਦਿਨ ਦੀਵੀਂ ਧਮਕੀਆਂ ਦਿਤੀਆਂ ਜਾ ਰਹੀਆਂ ਹਨ ਪਰ ਪਿਛਲੇ ਦਿਨ ਪੰਜਾਬ ਦੇ ਮੁਕੰਮਲ ਬੰਦ ਨੇ ਉਨ੍ਹਾਂ ਲੋਕਾਂ ਦੀਆਂ ਅੱਖਾਂ ਜ਼ਰੂਰ ਖੋਹਲ ਦਿਤੀਆਂ ਹਨ ਜੋ ਦਿਨ ਦੀਵੀਂ ਆਪਣੀਆਂ ਅੱਖਾਂ ਉਤੇ ਪੱਟੀਆਂ ਬੰਨ੍ਹੀ ਬੈਠੇ ਹਨ ਅਤੇ ਇਹ ਕੋਸ਼ਿਸ਼ ਵੀ ਕਰਦੇ ਹਨ ਕਿ ਉਹ ਲੋਕਾਂ ਨੂੰ ਵੀ ਉਸ ਹਨੇਰੇ ਦੀ ਖਾਈ ਵੱਲ ਧੱਕ ਦੇਣ ਜਿਸ ਖਾਈ ਵਿਚ ਉਹ ਆਪ ਡਿੱਗੇ ਪਏ ਹਨ।

ਪੰਜਾਬ ਦਾ ਭਵਿੱਖ ਪੰਜਾਬ ਦੇ ਲੋਕਾਂ ਦਾ ਆਪਣਾ ਭਵਿਖ ਹੈ ਅਤੇ ਭਵਿਖ ਨੂੰ ਸੁਰੱਖਿਅਤ ਰੱਖਣ ਲਈ ਜੋ ਹੰਭਲਾ ਅਗਾਂਹਵਧੂ ਪਾਰਟੀਆਂ ਨੇ ਅਗਵਾਈ ਦੇ ਕੇ ਹੁਣ ਮਾਰਿਆ ਹੈ ਜੇ ਇਹੀ ਹੰਭਲਾ ਕੁਝ ਅਰਸਾ ਪਹਿਲਾਂ ਮਾਰਿਆ ਜਾਂਦਾ ਤਾਂ ਹਜ਼ਾਰਾਂ ਬੇਗੁਨਾਹ ਲੋਕ ਅੰਞਾਈਂ ਮੌਤ ਦੇ ਮੂੰਹ ਨਾ ਜਾਂਦੇ।

ਅਕਾਲੀਆਂ ਦੇ ਵੱਖ ਵੱਖ ਧੜਿਆਂ ਨੂੰ ਵੀ ਇਹ ਸੋਚ ਲੈਣਾ ਚਾਹੀਦਾ ਹੈ ਕਿ ਬੇਗੁਨਾਹ ਲੋਕਾਂ ਦਾ ਖੂਨ ਇਹ ਮੰਗ ਕਰਦਾ ਹੈ ਕਿ ਉਹ ਆਪਣੀਆਂ ਸਫਾਂ ਵੱਲ ਵੀ ਝਾਤੀ ਮਾਰ ਲੈਣ ਅਤੇ ਦੂਜੀਆਂ ਏਕਤਾ ਚਾਹੁਣ ਵਾਲੀਆਂ ਪਾਰਟੀਆਂ ਨਾਲ ਜੁੜ ਕੇ ਪੰਜਾਬ ਦੀ ਖੈਰ ਮੰਗਣ।

---

ਹੁਣ ਨੀਂਦ
ਸਪੋਲ ਆ ਕਿਵੇਂ ਬਣ ਗਈ ਹੈ...?
ਹਰ ਕੋਈ ਸੌਣ ਦਾ ਬਹਾਨਾ ਕਰੀ
ਸਾਜਸ਼ੀ ਚੇਹਰਿਆਂ ਨੂੰ ਲੱਭਦਾ ਹੈ

ਸਾਰੇ
ਚੰਨ, ਤਾਰੇ, ਰਾਣੀਆਂ, ਰਾਜੇ ਤੇ ਪਰੀਆਂ ਨੂੰ
ਉਧਾਲ ਕੌਣ ਲੈ ਗਿਆ ਹੈ...?
ਜਿਹੜੇ ਖੁੱਲੀਆਂ ਛੱਤਾਂ, ਵੇਹੜਿਆਂ
'ਤੇ ਜੂਹਾਂ 'ਚ
ਝਾਕਦੇ ਫਿਰਦੇ ਸਨ

ਠੰਡੀ ਪੌਣ ਦਾ ਇੱਜੜ ਵੀ, ਹੁਣ
ਬੰਦ ਦਰਵਾਜਿਆਂ ਨਾਲ ਟਕਰਾ
ਉਦਾਸ ਗਿਰ ਪੈਂਦਾ ਹੈ-

# ਭਾਰਤੀ ਧਾਰਮਿਕ ਨਿਰਪੱਖਤਾ : ਇਕ ਮਖੌਲ

—ਪ੍ਰੋ: ਪ੍ਰਿਥੀਪਾਲ ਸਿੰਘ ਸੋਹੀ—

ਪਿਛਲੇ ਦਿਨੀਂ ਦਿੱਲੀ ਵਿਖੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ 'ਕੌਮੀ ਏਕਤਾ ਕੌਂਸਲ' ਦੀ ਨਵ-ਉਸਾਰੀ ਤੋਂ ਬਾਅਦ ਉਸ ਵਿਚ ਆਪਣੇ ਭਾਸ਼ਣ ਵਿਚ ਕਹਿ ਰਹੇ ਸਨ ਕਿ ਭਾਰਤ ਵਿਚੋਂ ਫਿਰਕਾਪ੍ਰਸਤੀ ਦਾ ਅੰਤ ਹੋਣਾ ਚਾਹੀਦਾ ਹੈ। ਇਸ ਲਈ ਸਿੱਖਿਆ ਦਾ ਸਹਾਰਾ ਲਿਆ ਜਾਵੇਗਾ। ਨਵੀਂ ਸਿਖਿਆ ਨੀਤੀ ਵਿਚ ਜ਼ੋਰ ਦਿਤਾ ਗਿਆ ਹੈ ਕਿ ਯੁਵਕਾਂ ਦੇ ਮਨਾਂ ਵਿਚ ਧਰਮ-ਨਿਰਪੱਖ ਭਾਵਨਾਵਾਂ ਭਰੀਆਂ ਜਾਣ ਤਾਂ ਜੋ ਉਹ ਕੱਲ੍ਹ ਨੂੰ ਚੰਗੇ ਸ਼ਹਿਰੀ ਬਣ ਸਕਣ। ਪਰ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਜਦੋਂ ਭਾਰਤੀ ਸੰਵਿਧਾਨ ਵਿਚ ਧਰਮ-ਨਿਰਪੱਖਤਾ ਦੇ ਕਈ ਅੰਸ਼ ਮਿਲਦੇ ਹਨ ਤਾਂ ਫਿਰ ਨਵੇਂ ਸਿਰਿਓਂ ਯੁਵਕਾਂ ਦੇ ਮਨਾਂ ਵਿਚ ਧਰਮ-ਨਿਰਪੱਖਤਾ ਦੀਆਂ ਭਾਵਨਾਵਾਂ ਦੀ ਗੱਲ ਕਿਉਂ ਹੋ ਰਹੀ ਹੈ? ਕੀ ਇਸ ਦਾ ਅਰਥ ਇਹ ਨਹੀਂ ਕਿ ਭਾਰਤੀ ਲੋਕਾਂ ਦੇ ਮਨਾਂ ਵਿਚੋਂ ਇਹ ਪਿਆਰੀ ਲੋਕਤੰਤਰੀ ਭਾਵਨਾ ਖਤਮ ਹੋ ਚੁੱਕੀ ਹੈ ਅਤੇ ਫਿਰਕਾਪ੍ਰਸਤੀ ਦਾ ਵਾਸਾ ਹੋ ਚੁੱਕਿਆ ਹੈ? ਅਤੇ ਇਸ ਭਾਵਨਾ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖਤਰਾ ਪੈਦਾ ਕਰ ਦਿੱਤਾ ਹੈ।

## ਅਮਲੀ ਜਾਮਾ

ਅਸਲ ਵਿਚ ਧਰਮ - ਨਿਰਪੱਖਤਾ ਦੀ ਗੱਲ ਉਸ ਲੋਕਤੰਤਰ ਵਿਚ ਕੀਤੀ ਜਾਂਦੀ ਹੈ ਜਿਥੇ ਬਹੁਤ ਧਰਮਾਂ ਦੇ ਲੋਕ ਰਹਿੰਦੇ ਹੋਣ। ਜਿਥੇ ਇਨ੍ਹਾਂ ਵੱਖਰੇ ਵੱਖਰੇ ਧਰਮਾਂ ਦੇ ਪੈਰੋਕਾਰਾਂ ਅਤੇ ਸ਼ਰਧਾਲੂਆਂ ਦੀ ਗਿਣਤੀ ਤਕਰੀਬਨ ਬਰਾਬਰ ਹੋਵੇ ਉਥੇ ਇਸ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਣਾ ਬਹੁਤਾ ਔਖਾ ਨਹੀਂ ਹੁੰਦਾ ਪਰ ਜਿਸ ਸਮਾਜ ਵਿਚ ਇਕ ਧਰਮ ਦੇ ਲੋਕਾਂ ਦੀ ਗਿਣਤੀ ਬਹੁਤ ਜ਼ਿਆਦਾ ਹੋਵੇ ਅਤੇ ਬਾਕੀ ਦੇ ਧਰਮ ਨਾ-ਮਾਤਰ ਹੋਣ ਉਥੇ ਧਰਮ-ਨਿਰਪੱਖਤਾ ਵੀ ਵੱਡੇ ਫਿਰਕੇ ਦਾ ਹੀ ਸਿਧਾਂਤ ਵਿਖਾਈ ਦੇਣ ਲੱਗ ਪੈਂਦਾ ਹੈ ਅਤੇ ਛੋਟੇ ਫਿਰਕਿਆਂ ਨੂੰ ਆਪਣੀ ਹੋਂਦ ਦਾ ਖਤਰਾ ਮਹਿਸੂਸ ਹੋਣ ਲੱਗ ਪੈਂਦਾ ਹੈ। ਭਾਰਤ ਵਿਚ ਹਿੰਦੂ ਫਿਰਕਾ ਤਕਰੀਬਨ 82 ਪ੍ਰਤੀਸ਼ਤ ਲੋਕਾਂ ਦੀ ਪ੍ਰਤੀਨਿਧਤਾ ਕਰਦਾ ਹੈ। ਬਾਕੀ ਮੁਸਲਮਾਨ, ਸਿੱਖ, ਈਸਾਈ, ਬੋਧੀ ਅਤੇ ਜੈਨੀ ਸਾਰੇ ਰਲ ਕੇ 15 ਕੁ ਪ੍ਰਤੀਸ਼ਤ ਹੀ ਬਣਦੇ ਹਨ। ਆਜ਼ਾਦੀ ਸਮੇਂ ਜਦੋਂ ਭਾਰਤ ਦੀ ਸੰਵਿਧਾਨਕ ਅਸੈਂਬਲੀ ਸੰਵਿਧਾਨ ਦਾ ਨਿਰਮਾਣ ਕਰ ਰਹੀ ਸੀ ਤਾਂ ਬਹੁਗਿਣਤੀ ਮੈਂਬਰਾਂ ਦਾ ਇਹੀ ਵਿਚਾਰ ਸੀ ਕਿ ਧਰਮ-ਨਿਰਪੱਖ ਭਾਵਨਾ ਵਾਲਾ ਸੰਵਿਧਾਨ ਹੋਣਾ ਚਾਹੀਦਾ ਹੈ। ਮੁਸਲਮਾਨ ਅਤੇ ਬਾਕੀ ਫਿਰਕੇ ਕੇਂਦਰੀ ਅਤੇ ਰਾਜ ਅਸੈਂਬਲੀ ਵਿਚ ਸੀਟਾਂ ਦੇ ਰਾਖਵੇਂਕਰਨ ਦੀ ਮੰਗ ਕਰਦੇ ਸਨ। ਉਸ ਸਮੇਂ ਸੰਵਿਧਾਨਕ ਅਸੈਂਬਲੀ ਦੇ ਮੈਂਬਰਾਂ ਦੀ ਵੀ ਇਹ ਧਾਰਨਾ ਸੀ ਕਿ ਕੁਝ ਸੀਟਾਂ ਤਾਂ ਰਾਖਵੀਆਂ ਰੱਖੀਆਂ ਜਾ ਸਕਦੀਆਂ ਹਨ ਪਰ ਵੱਖਰੀ ਸੰਪਰਦਾਇਕ ਚੋਣ-ਪ੍ਰਣਾਲੀ ਨੂੰ ਪ੍ਰਵਾਨਗੀ ਨਹੀਂ ਦਿੱਤੀ ਜਾ ਸਕਦੀ। ਕੁਝ ਲੋਕ ਵੱਖਰੀ ਚੋਣ-ਪ੍ਰਣਾਲੀ ਦੀ ਮੰਗ ਕਰਦੇ ਸਨ।

ਸੰਵਿਧਾਨਕ ਅਸੈਂਬਲੀ ਦੀ ਸਲਾਹਕਾਰੀ ਕਮੇਟੀ ਦੀ ਘੱਟ-ਗਿਣਤੀਆਂ ਦੀ ਸਬ ਕਮੇਟੀ ਨੇ ਅਗਸਤ 1947 ਵਿਚ ਇਹ ਰਿਪੋਰਟ ਦਿਤੀ ਸੀ ਕਿ ਵੱਖਰੀ ਚੋਣ ਪ੍ਰਣਾਲੀ ਤਾਂ ਖਤਮ ਹੋਣੀ ਚਾਹੀਦੀ ਹੈ ਪਰ ਘੱਟ ਗਿਣਤੀਆਂ ਲਈ ਅਸੈਂਬਲੀਆਂ ਵਿਚ ਕੁਝ ਸੀਟਾਂ ਰਾਖਵੀਆਂ ਰੱਖਣੀਆਂ ਚਾਹੀਦੀਆਂ ਹਨ। ਇਹ ਸੀਟਾਂ ਮੁਸਲਮਾਨਾਂ, ਹਰੀਜਨਾਂ ਅਤੇ ਇਸਾਈਆਂ ਨੂੰ ਦਸ ਸਾਲ ਦੇ ਸਮੇਂ ਤੱਕ ਰਾਖਵੀਆਂ ਹੋਣੀਆਂ ਚਾਹੀਦੀਆਂ ਹਨ। ਸਿੱਖਾਂ ਲਈ ਕਿਸੇ ਰਾਖਵੇਂਕਰਨ ਦੀ ਕੋਈ ਤਜਵੀਜ਼ ਨਹੀਂ ਸੀ। ਪਰ ਜਦੋਂ ਪਾਕਿਸਤਾਨ ਬਣ ਗਿਆ ਫਿਰ ਇਸ ਕਮੇਟੀ ਦੀ ਰਿਪੋਰਟ ਵਿਚ ਤਬਦੀਲੀ ਕੀਤੀ ਗਈ। ਮਈ 1949 ਵਿਚ ਇਸ ਨੇ ਰਿਪੋਰਟ 'ਚ ਕਿਹਾ ਕਿ ਧਾਰਮਿਕ ਘੱਟ ਗਿਣਤੀਆਂ ਲਈ ਅਸੈਂਬਲੀ 'ਚ ਸੀਟਾਂ ਰਾਖਵੀਆਂ ਰੱਖਣ ਨਾਲ ਉਨ੍ਹਾਂ ਵਿਚ ਕੁਝ ਹੱਦ ਤੱਕ ਵਖਰੇਵੇਂ ਦੀ ਭਾਵਨਾ ਪੈਦਾ ਹੋਵੇਗੀ ਜਿਹੜੀ ਕਿ ਧਰਮ - ਨਿਰਪੱਖ ਲੋਕਤੰਤਰ ਰਾਜ ਦੇ ਵਿਰੁਧ ਹੋਵੇਗੀ।

ਇਸ ਤਰ੍ਹਾਂ ਧਾਰਮਿਕ ਘੱਟ ਗਿਣਤੀਆਂ ਨੂੰ ਵੱਖਰੀਆਂ ਸੀਟਾਂ ਦੇਣ ਦੀ ਥਾਂ ਧਰਮ - ਨਿਰਪੱਖ ਰਾਜ ਦੀ ਸਥਾਪਨਾ ਨੂੰ ਤਰਜੀਹ ਦਿਤੀ ਗਈ ਸੀ। ਜੇ ਇਹੀ ਭਾਵਨਾ ਕਾਇਮ ਰਹਿੰਦੀ ਤਾਂ ਇਹ ਬਹੁਤ ਅੱਛੀ ਸੀ। ਪਰ ਇਹ ਲੰਬੇ ਸਮੇਂ ਤੱਕ ਸਫਲਤਾ ਨਾਲ ਚਲ ਨਾ ਸਕੀ। ਛੋਟੇ ਧਾਰਮਿਕ ਫਿਰਕਿਆਂ ਨੂੰ ਵੱਡੇ ਫਿਰਕੇ 'ਤੇ ਸ਼ੱਕ ਹੋਣਾ ਸ਼ੁਰੂ ਹੋ ਗਿਆ। ਇਸ ਸੁਰੱਖਿਆ ਦੀ ਭਾਵਨਾ ਵਿਚੋਂ ਉਨ੍ਹਾਂ ਦੀਆਂ ਕੁਝ ਅਧਿਕਾਰ ਪ੍ਰਾਪਤ ਕਰਨ ਦੀਆਂ ਲਹਿਰਾਂ ਨੇ ਜਨਮ ਲਿਆ। ਇਨ੍ਹਾਂ ਛੋਟੀਆਂ ਲਹਿਰਾਂ ਨੂੰ ਵੱਡੇ ਫਿਰਕੇ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਇਕ ਖਤਰਾ ਸਮਝਿਆ ਅਤੇ ਛੋਟੇ ਫਿਰਕਿਆਂ ਨੂੰ ਗੈਰਰਾਸ਼ਟਰਵਾਦੀ ਗਰਦਾਨਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਭਾਰਤ ਦੇ ਵੱਡੇ ਅਤੇ ਛੋਟੇ ਫਿਰਕਿਆਂ ਵਿਚਕਾਰ ਵਿਸ਼ਵਾਸ਼ ਦੀ ਵਿੱਥ ਵਧਦੀ ਜਾ ਰਹੀ ਹੈ। ਇਹ ਵਿੱਥ ਵਧਾਉਣ ਲਈ ਭਾਰਤ ਦਾ ਆਰਥਿਕ ਅਤੇ ਰਾਜਨੀਤਕ ਮਾਹੌਲ ਮੁੱਖ ਤੌਰ 'ਤੇ ਜ਼ਿਮੇਵਾਰ ਹੈ।

## ਫਿਰਕੂ ਭਾਵਨਾਵਾਂ

ਆਜ਼ਾਦੀ ਸਮੇਂ ਕੁਝ ਫਿਰਕੂ ਭਾਵਨਾਵਾਂ ਦਾ ਜ਼ੋਰ ਹੋ ਗਿਆ ਸੀ ਪਰ 1954 ਤੱਕ ਇਹ ਕਾਫੀ ਘੱਟ ਗਿਆ ਸੀ। ਮੁਖ ਕਾਰਨ ਕੇਂਦਰ ਸਰਕਾਰ ਦੀ ਧਰਮ - ਨਿਰਪੱਖ ਨੀਤੀ ਸੀ ਪਰ 1960 ਤੋਂ ਬਾਅਦ ਇਕ ਵਾਰ ਫਿਰ ਸੰਪਰਦਾਇਕ ਭਾਵਨਾਵਾਂ ਦਾ ਵਿਕਾਸ ਸ਼ੁਰੂ ਹੋ ਗਿਆ। 1968, 69 ਅਤੇ 70 ਵਿਚ ਕਈ ਸ਼ਹਿਰਾਂ ਵਿਚ ਹਿੰਦੂ-ਮੁਸਲਮਾਨ ਫਸਾਦ ਹੋਏ। ਬਹੁ-ਗਿਣਤੀ ਫਿਰਕੇ ਨੇ ਮੁਸਲਮਾਨਾਂ ਨੂੰ ਭਾਰਤੀ ਏਕਤਾ ਅਤੇ ਸੰਪੂਰਨਤਾ ਲਈ ਖਤਰਾ ਸਮਝਣਾ ਸ਼ੁਰੂ ਕਰ ਦਿੱਤਾ।

ਪਾਰਸੀ ਅਤੇ ਈਸਾਈ, ਜੋ ਭਾਰਤ ਦੇ ਦੱਖਣੀ ਖੇਤਰ ਵਿਚ ਹੀ ਸੀਮਤ ਹਨ, ਆਪਣੇ ਧਾਰਮਿਕ ਅਤੇ ਸਭਿਆਚਾਰਕ ਮਾਮਲਿਆਂ ਨਾਲ ਹੀ ਸਬੰਧ ਰੱਖਦੇ ਹਨ ਪਰ ਈਸਾਈਆਂ ਨੂੰ ਬਦਨਾਮ ਕਰਨ ਲਈ ਕੁਝ ਕੱਟੜਪੰਥੀ ਹਿੰਦੂ ਜਥੇਬੰਦੀਆਂ ਇਨ੍ਹਾਂ ਨੂੰ ਸੀ. ਆਈ. ਏ. ਦਾ ਏਜੰਟ ਸਮਝਣ ਲੱਗ ਜਾਂਦੀਆਂ ਹਨ।

## ਸੁਰੱਖਿਆ ਦੀ ਮੰਗ

ਇਕ ਹੋਰ ਛੋਟਾ ਫਿਰਕਾ ਜੋ ਆਪਣੇ ਆਰਥਿਕ, ਸਮਾਜਿਕ ਅਤੇ ਰਾਜਨੀਤਕ ਮਾਣ ਲਈ ਬਹੁਤ ਸੁਚੇਤ ਹੈ, ਭਾਰਤ ਦੇ ਉਤਰੀ - ਪੱਛਮੀ ਖੇਤਰ, ਮੁਖ ਤੌਰ 'ਤੇ ਪੰਜਾਂਬ ਵਿਚ ਬਹੁਗਿਣਤੀ ਵਿਚ ਹੈ। ਆਜ਼ਾਦੀ ਸਮੇਂ ਬਾਕੀ ਦੀਆਂ ਧਾਰਮਿਕ ਘੱਟ-ਗਿਣਤੀਆਂ ਦੀ ਤਰ੍ਹਾਂ ਇਸ ਨੇ ਵੀ ਸੁਰੱਖਿਆ ਦੀ ਮੰਗ ਕੀਤੀ। ਅਕਾਲੀ ਸਿਖ ਬੋਰਡ ਨੇ ਸਪਰੂ ਕਮੇਟੀ (1945) ਨੂੰ ਭਾਰਤ ਵਿਚ ਸੰਸਦੀ ਸਰਕਾਰ ਦੀ ਥਾਂ ਸਵਿਸ ਮਾਡਲ ਅਪਨਾਉਣ ਦਾ ਸੁਝਾਅ ਦਿਤਾ ਜਿਸ ਵਿਚ ਸੰਘਾਤਮਕ ਢਾਂਚਾ ਬਹੁਤ ਮਜ਼ਬੂਤ ਹੈ ਅਤੇ ਇਕ ਸੱਤ ਮੈਂਬਰੀ ਪ੍ਰਧਾਨਗੀ ਮੰਡਲ ਹੈ ਜਿਸ ਪਾਸ ਸਾਰੀਆਂ ਕਾਰਜਕਾਰੀ ਸ਼ਕਤੀਆਂ ਹਨ। ਇਸ ਮਾਡਲ ਵਿਚ ਘੱਟ ਗਿਣਤੀਆਂ ਦੇ ਹਿੱਤ ਪੂਰੀ ਤਰ੍ਹਾਂ ਸੁਰੱਖਿਅਤ ਹਨ। 1946 ਵਿਚ ਕੈਬਨਿਟ ਮਿਸ਼ਨਪਲਾਨ ਅਗੇ ਵੀ ਇਸ ਨੇ ਸਿੱਖ ਰਾਜ ਦੀ ਗੱਲ ਕੀਤੀ ਸੀ ਪਰ ਉਸ ਨੇ ਇਹ ਮੰਗ ਪ੍ਰਵਾਨ ਨਾ ਕਰ ਕੇ ਇਸ ਫਿਰਕੇ ਦੀ ਲੀਡਰਸ਼ਿਪ ਨੂੰ ਅਸੰਤੁਸ਼ਟ ਕੀਤਾ।

ਸੰਵਿਧਾਨਕ ਅਸੈਂਬਲੀ ਵਿਚ ਅਕਾਲੀ ਲੀਡਰ ਸ: ਹੁਕਮ ਸਿੰਘ ਨੇ ਕੇਂਦਰੀ ਵਿਧਾਨ ਪਾਲਕਾ ਵਿਚ ਅਨੁਪਾਤਕ ਪ੍ਰਤੀਨਿਧਤਾ ਦੇ ਆਧਾਰ 'ਤੇ ਚੋਣ ਦੀ ਮੰਗ ਕੀਤੀ ਸੀ। ਪਰ ਉਸ ਵੀ ਨਾ ਮੰਨੀ ਗਈ। ਬਾਅਦ ਵਿਚ ਇਹ ਮੰਗ ਇਸ ਸ਼ਰਤ ਨੂੰ ਮਨਾ ਕੇ ਵਾਪਸ ਲੈ ਲਈ ਗਈ ਕਿ ਸਿੱਖ ਹਰੀਜਨਾਂ ਨੂੰ ਵੀ ਹਿੰਦੂ ਹਰੀਜਨਾਂ ਦੀ ਤਰ੍ਹਾਂ ਰਾਖਵੇਂਕਰਨ ਦੇ ਅਧਿਕਾਰ ਹੋਣਗੇ।

ਸਿੱਖਾਂ ਦੀਆਂ ਇਹ ਸਾਰੀਆਂ ਮੰਗਾਂ ਇਸ ਡਰ ਵਿਚੋਂ ਉਪਜ ਰਹੀਆਂ ਸਨ ਕਿ ਕਿਧਰੇ ਹਿੰਦੂ ਬਹੁਗਿਣਤੀ ਫਿਰਕਾ ਉਨ੍ਹਾਂ ਦੀ ਹੋਂਦ ਲਈ ਖਤਰਾ ਨਾ ਬਣ ਜਾਵੇ। ਪਰ ਉਸ ਸਮੇਂ ਕਾਂਗਰਸ ਪਾਰਟੀ ਧਰਮ - ਨਿਰਪੱਖ ਲੋਕਤੰਤਰ ਸਥਾਪਤ ਕਰਨ ਦਾ ਪੂਰਾ ਖਿਆਲ ਰੱਖਦੀ ਸੀ। ਇਸੇ ਕਾਰਨ ਆਜ਼ਾਦੀ ਬਾਅਦ 1960-61 ਤਕ ਸਭ ਧਾਰਮਿਕ ਘੱਟ ਗਿਣਤੀਆਂ ਨੂੰ ਕਾਂਗਰਸ ਤੇ ਪੂਰਨ ਵਿਸ਼ਵਾਸ ਸੀ ਅਤੇ ਕਿਸੇ ਵੀ ਧਾਰਮਿਕ ਘੱਟ ਗਿਣਤੀ ਨੇ ਆਪਣੀ ਸੁਰੱਖਿਆ ਲਈ ਖਾਸ ਅਧਿਕਾਰਾਂ ਦੀ ਮੰਗ ਨਹੀਂ ਕੀਤੀ। ਬਾਅਦ ਵਿਚ ਭਾਸ਼ਾ ਅਤੇ ਸਭਿਆਚਾਰਕ ਆਧਾਰਾਂ 'ਤੇ ਇਨ੍ਹਾਂ ਘੱਟ ਗਿਣਤੀਆਂ ਨੇ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਬਹੁਗਿਣਤੀ ਫਿਰਕੇ 'ਤੇ ਸ਼ੱਕ ਕਰਨਾ ਸ਼ੁਰੂ ਕਰ ਦਿੱਤਾ।

ਭਾਰਤੀ ਸਮਾਜ ਵਿਚ ਜਿਵੇਂ ਜਿਵੇਂ ਸੰਪਰਦਾਇਕ ਭਾਵਨਾਵਾਂ ਪ੍ਰਬਲ ਹੁੰਦੀਆਂ ਗਈਆਂ ਭਾਰਤ ਸਰਕਾਰ ਨੇ ਧਰਮ - ਨਿਰਪੱਖਤਾ ਦਾ ਉਨਾ ਹੀ ਪਰਚਾਰ ਵਧਾ ਦਿਤਾ। ਨਵੰਬਰ 1976 'ਚ ਸੰਵਿਧਾਨਕ ਦੀ 42ਵੀਂ ਸੋਧ ਰਾਹੀਂ ਸੰਵਿਧਾਨ ਦੀ ਪ੍ਰਸਤਾਵਨਾ ਵਿਚ 'ਧਰਮ - ਨਿਰਪੱਖ' ਨਾਂ ਦਾ ਸ਼ਬਦ ਵੀ ਅੰਕਿਤ ਕਰ ਦਿੱਤਾ ਇਨ੍ਹਾਂ ਦਿਨਾਂ ਵਿਚ ਐਮਰਜੈਂਸੀ ਲੱਗੀ ਹੋਈ ਸੀ ਅਤੇ ਘੱਟ ਗਿਣਤੀਆਂ ਅਸੁਰੱਖਿਅਤ ਮਹਿਸੂਸ ਕਰ ਰਹੀਆਂ ਸਨ। 1977 ਦੀਆਂ ਚੋਣਾਂ ਵਿਚ ਜਦੋਂ ਕਾਂਗਰਸ ਪਾਰਟੀ ਹਾਰ ਗਈ ਤਾਂ ਹਿੰਦੂ ਬਹੁਗਿਣਤੀ ਨੂੰ ਆਪਣੇ ਵੱਸ 'ਚ ਕਰਨ ਦੀਆਂ ਸਕੀਮਾਂ ਤਾਂ ਉਸ ਸਮੇਂ ਹੀ ਸ਼ੁਰੂ ਹੋ ਗਈਆਂ ਸਨ। 1980 ਦੀਆਂ ਚੋਣਾਂ ਬਾਅਦ ਤਾਂ ਸ੍ਰੀਮਤੀ ਗਾਂਧੀ ਦਾ ਇਸ ਪਾਸੇ ਕਾਫੀ ਝੁਕਾਅ ਹੋ ਗਿਆ ਸੀ। ਪਿਛੋਂ ਪੰਜਾਬ ਦੇ ਹਾਲਾਤ ਅਤੇ ਅਪਰੇਸ਼ਨ ਨੀਲਾ ਤਾਰਾ ਤੋਂ ਬਾਅਦ ਕਾਂਗਰਸ ਪੱਕੇ ਤੌਰ 'ਤੇ ਹੀ ਬਹੁਗਿਣਤੀ ਨੂੰ ਆਪਣਾ ਆਧਾਰ ਮੰਨਕੇ ਚੱਲਣ ਲੱਗ ਪਈ। ਦੇਸ਼ ਦੇ ਕਿਸੇ ਵੀ ਕੋਨੇ ਵਿਚੋਂ ਜਦੋਂ ਘੱਟ ਗਿਣਤੀਆਂ ਨੇ ਕੁਝ ਮੰਗਾਂ ਦੀ ਮੰਗ ਕੀਤੀ ਤਾਂ ਉਨ੍ਹਾਂ ਨੂੰ ਵੱਖਵਾਦੀ ਅਤੇ ਗੈਰ-ਰਾਸ਼ਟਰਵਾਦੀ ਕਹਿ ਕੇ ਕੇਵਲ ਠੁਕਰਾ ਹੀ ਨਹੀਂ ਦਿਤਾ ਗਿਆ ਸਗੋਂ ਸਖਤੀ ਨਾਲ ਨਜਿੱਠਿਆ ਗਿਆ। 1985 ਦੀਆਂ ਲੋਕ ਸਭਾ ਚੋਣਾਂ ਇਸ ਗੱਲ ਦਾ ਪ੍ਰਤੱਖ ਸਬੂਤ ਹਨ ਕਿ ਕਾਂਗਰਸ ਪਾਰਟੀ ਨੇ ਹਿੰਦੂ ਬਹੁ ਗਿਣਤੀ ਦੇ ਜਜ਼ਬਾਤ ਨੂੰ ਭੜਕਾ, ਉਨ੍ਹਾਂ ਦੀ ਰੱਖਿਆਤ ਪਾਰਟੀ ਸਿੱਧ ਕਰ ਕੇ ਵੋਟਾਂ ਪ੍ਰਾਪਤ ਕੀਤੀਆਂ। ਪਰੰਪਰਾਗਤ ਸੰਪਰਦਾਇਕ ਭਾਵਨਾਵਾਂ ਰੱਖਣ ਵਾਲੀ ਭਾਰਤੀ ਜਨਤਾ ਪਾਰਟੀ ਵਰਗੀਆਂ ਪਾਰਟੀਆਂ ਵੀ ਵਿਚਾਰੀਆਂ ਪਿਛੇ ਰਹਿ ਗਈਆਂ।

(ਬਾਕੀ ਪੰਨਾ 5 ਉਤੇ)

**Immigration and Citizenship Matters**
**JAMES SUE & COMPANY**

- Filing a successful application for immigrant visas
- Family Re-Unification
- Indian Adoptions
- Making a Refugee Claim
- Inquiries & Deportation
- Immigration Appeal Board matters

**Immigration Advocates**

For help contact :
**BABU JIM NARAIN** of James, Sue & Company who was 18 years of experience on Immigration and Citizenship matters with top Immigration Lawyers.

**Evening Office :**
433-4685

#210 - 535 W. 10th Ave. Vancouver, B.C.

**ਸਪੈਸ਼ਲ ਅਨਾਊਂਸਮੈਂਟ**

ਨਵੀਂ ਇਮੀਗਰੇਸ਼ਨ ਪਾਲਿਸੀ ਅਨੁਸਾਰ ਤੁਸੀਂ ਭਾਰਤ ਜਾਂ ਕਿਸੇ ਹੋਰ ਦੇਸ਼ ਤੋਂ ਘਰੇਲੂ ਕੰਮ ਕਰਨ ਲਈ ਕਾਮੇ (domestic workers) ਮੰਗਵਾ ਸਕਦੇ ਹੋ ਜਿਨ੍ਹਾਂ ਲਈ ਸਪੈਸ਼ਲ ਵੀਜ਼ਾ ਮਿਲਦਾ ਹੈ ਤੇ ਉਹ ਪੱਕੇ ਇਮੀਗਰੈਂਟ ਬਣ ਸਕਦੇ ਹਨ। ਜੇ ਤੁਸੀਂ ਕਿਸੇ ਨੂੰ ਇਸ ਨਵੀਂ ਪਾਲਿਸੀ ਅਧੀਨ ਮੰਗਵਾਉਣਾ ਚਾਹੁੰਦੇ ਹੋ ਤਾਂ ਹੁਣ ਮੌਕਾ ਹੈ। ਹੋਰ ਜਾਣਕਾਰੀ ਲਈ ਬਾਬੂ ਜਿਮ ਨਰਾਇਣ ਨੂੰ ਮਿਲੋ!

**Tel: Off. 873-9441**

# ਹੁਸ਼ਿਆਰ ਗਿੱਲ ਨੇ ਲੁਟੇਰੇ ਨੂੰ ਫਸਾਇਆ

ਪ੍ਰਦੀਪ ਗਿੱਲ ਇਕ ਅਜਿਹਾ ਨੌਜਵਾਨ ਹੈ, ਜਿਸਨੇ ਆਪਣੀ ਅਕਲਮੰਦੀ ਅਤੇ ਹੁਸ਼ਿਆਰੀ ਤੋਂ ਕੰਮ ਲੈਂਦੇ ਹੋਏ ਇਕ ਲੁਟੇਰੇ ਨੂੰ ਨਾ ਕੇਵਲ ਬੁਧੂ ਬਣਾਇਆ ਸਗੋਂ ਉਹਨੂੰ ਫੜਨ ਵਿਚ ਪੁਲੀਸ ਦੀ ਸਹਾਇਤਾ ਵੀ ਕੀਤੀ। ਇਸ ਪੰਜਾਬੀ ਨੌਜਵਾਨ ਦੀ ਹੁਸ਼ਿਆਰੀ ਦੇ ਹਰ ਪਾਸੇ ਚਰਚੇ ਹੋ ਰਹੇ ਹਨ।

21 ਸਾਲਾ ਪ੍ਰਦੀਪ ਗਿੱਲ ਮੇਨ ਸਟਰੀਟ 'ਤੇ ਸਥਿਤ ਸ਼ੈਲ ਗੈਸ ਸਟੇਸ਼ਨ 'ਤੇ ਕੰਮ ਕਰਦਾ ਹੈ। ਬੀਤੇ ਐਤਵਾਰ ਵੱਡੇ ਤੜਕੇ ਗਿੱਲ ਡਿਊਟੀ 'ਤੇ ਸੀ ਜਦੋਂ ਉਸ ਨੂੰ ਸ਼ਾਟਗਨ ਨਾਲ ਲੈਸ ਲੁਟੇਰੇ ਦੀ ਭਿਣਕ ਪਈ। ਗਿੱਲ ਉਸ ਵੇਲੇ ਆਪਣੀ ਮਿਤਰ ਨਾਲ ਫੋਨ 'ਤੇ ਗੱਲ ਕਰ ਰਿਹਾ ਸੀ। ਉਸ ਨੇ ਲੁਟੇਰੇ ਨੂੰ ਕਿਹਾ ਕਿ ਉਹ ਦੂਜੇ ਪਾਸੇ ਚਲਾ ਜਾਵੇ, ਜਿਧਰ ਦਰਵਾਜ਼ਾ ਹੈ। ਫਿਰ ਉਸ ਨੇ ਕਾਹਲੀ ਨਾਲ ਆਪਣੀ ਮਿਤਰ ਦਾ ਫੋਨ ਬੰਦ ਕਰਕੇ ਪੁਲੀਸ ਦਾ ਡਾਇਲ ਘੁਮਾਇਆ ਅਤੇ ਲੁਟੇਰੇ ਵਾਰੇ ਸੂਚਨਾ ਦੇ ਦਿੱਤੀ। ਜਦੋਂ ਲੁਟੇਰਾ ਦੂਜੇ ਪਾਸੇ ਗਿਆ ਤਾਂ ਉਹਨੇ ਸੋਚਿਆ ਕਿ ਕੈਸ਼ੀਅਰ ਅਜੇ ਵੀ ਆਪਣੀ ਮਿਤਰ ਨਾਲ ਗੱਲ ਕਰ ਰਿਹਾ ਹੈ। ਲੁਟੇਰੇ ਦੀ ਹਿਲਜੁਲ ਦੀ ਖਬਰ ਦੇਣ ਲਈ ਗਿੱਲ ਨੇ ਲਗਾਤਾਰ ਪੁਲੀਸ ਨਾਲ ਸੰਪਰਕ ਬਣਾਈ ਰੱਖਿਆ। ਮਿੰਟਾਂ ਵਿਚ ਹੀ 8 ਪੈਟਰੋਲ ਕਾਰਾਂ ਨੇ ਹੈਰਾਨ ਹੋਏ ਬੰਦੂਕਧਾਰੀ ਨੂੰ ਆ ਦਬੋਚਿਆ।

ਗਿੱਲ ਮਾਣ ਨਾਲ ਕਹਿੰਦਾ ਹੈ, "ਇਸ ਸਮੇਂ ਮੈਂ ਠੀਕ ਕੀਤਾ ਹੈ। ਅੱਠ ਮਹੀਨੇ ਪਹਿਲਾਂ ਵੀ ਇਹੋ ਜਿਹੀ ਘਟਨਾ ਵਾਪਰੀ ਸੀ ਪਰ ਮੈਂ ਲੁਟੇਰੇ ਨੂੰ ਜਾਣ ਦਿੱਤਾ ਸੀ। ਫਿਰ ਵੀ ਉਹ ਕੁਝ ਲਿਜਾ ਨਹੀਂ ਸਕਿਆ ਸੀ।

ਕਾਂਸਟੇਬਲ ਟਰਿਸ਼ ਕੀਨ ਗਿੱਲ ਨਾਲ ਪੂਰੀ ਤਰ੍ਹਾਂ ਸਹਿਮਤ ਹੈ। ਉਹਨੇ ਗਿੱਲ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਇਹਨੇ ਇਹ ਬਹੁਤ ਵਧੀਆ ਕੰਮ ਕੀਤਾ ਹੈ। ਇਕ ਹੁਸ਼ਿਆਰ ਦਿਮਾਗ ਹੀ ਇਸ ਤਰ੍ਹਾਂ ਕਰ ਸਕਦਾ ਹੈ। ਪੁਲੀਸ ਵਾਲੇ ਸਾਰੀ ਰਾਤ ਇਸ ਲੁਟੇਰੇ ਦਾ ਪਿੱਛਾ ਕਰਦੇ ਰਹੇ ਸਨ।

ਪੁਲੀਸ ਦਾ ਕਹਿਣਾ ਹੈ ਕਿ ਇਸ ਲੁਟੇਰੇ ਨੇ ਸਭ ਤੋਂ ਪਹਿਲਾਂ ਕਿੰਗਜ਼ਵੇ 'ਤੇ ਸਥਿਤ ਇਕ ਗੈਸ ਸਟੇਸ਼ਟ ਨੂੰ ਲੁੱਟਣ ਦਾ ਯਤਨ ਕੀਤਾ। ਇਥੋਂ ਇਹਦੇ ਹੱਥ ਕੁਝ ਨਾ ਲੱਗਾ। ਇਕ ਦੂਜੇ ਸਟੇਸ਼ਨ ਤੋਂ ਇਹਨੇ 70 ਡਾਲਰ ਲੁਟ ਲਏ। ਪ੍ਰਦੀਪ ਗਿੱਲ ਇਸ ਲੁਟੇਰੇ ਦਾ ਪੰਜਵਾਂ ਨਿਸ਼ਾਨਾ ਸੀ। ਗਿੱਲ ਦੀ ਹੁਸ਼ਿਆਰੀ ਨਾਲ ਇਹ ਲੁਟੇਰਾ ਪੁਲੀਸ ਦੇ ਕਾਬੂ ਆ ਗਿਆ।




# ਸੁਪਰੀਮ ਕੋਰਟ ਨੇ ਅਰਜਨ ਸਿੰਘ ਨੂੰ ਦੋਸ਼-ਮੁਕਤ ਠਹਿਰਾਇਆ

ਨਵੀਂ ਦਿੱਲੀ — ਦਸੰਬਰ 1984 ਵਿਚ ਮੱਧ ਪ੍ਰਦੇਸ਼ ਦੇ ਹਾਈ ਕੋਰਟ ਦੇ ਜੱਜ ਨੇ ਉਸ ਸਮੇਂ ਦੇ ਮੁਖ ਮੰਤਰੀ ਅਰਜਨ ਸਿੰਘ ਨੂੰ ਸ਼ਰਾਬ ਦੇ ਠੇਕਿਆਂ ਦੇ ਮੁਆਮਲੇ ਵਿਚ ਦੋਸ਼ੀ ਠਹਿਰਾਇਆ ਸੀ ਪਰ ਸੁਪਰੀਮ ਕੋਰਟ ਨੇ ਫੈਸਲੇ ਵਿਰੁਧ ਅਪੀਲ ਦੀ ਸੁਣਵਾਈ ਸਮੇਂ ਅਰਜਨ ਸਿੰਘ ਨੂੰ ਦੋਸ਼-ਮੁਕਤ ਕਰਾਰ ਦੇ ਦਿੱਤਾ ਹੈ। ਇਸ ਸਮੇਂ ਅਰਜਨ ਸਿੰਘ ਕੇਂਦਰੀ ਵਜ਼ਾਰਤ ਵਿਚ ਮੰਤਰੀ ਹਨ।

ਡਵੀਜ਼ਨ ਬੈਂਚ ਵਿਚ ਚੀਫ਼ ਜਸਟਿਸ ਪੀ. ਐਨ. ਭਗਵਤੀ ਅਤੇ ਜਸਟਿਸ ਵੀ ਖਾਲਿਦ ਸ਼ਾਮਲ ਸਨ।

# ਬੰਸੀ ਲਾਲ ਤੋਸ਼ਾਮ ਤੋਂ ਚੋਣ ਲੜੇਗਾ

ਚੰਡੀਗੜ੍ਹ — ਹਰਿਆਣਾ ਦੇ ਮੁਖ ਮੰਤਰੀ ਬੰਸੀ ਲਾਲ ਨੇ ਕੱਲ੍ਹ ਆਪਣੇ ਉਮੀਦਵਾਰੀ ਕਾਗਜ਼ ਦਾਖਲ ਕਰ ਦਿਤੇ ਹਨ। ਹਰਿਆਣੇ ਵਿਚ ਇਹ ਜ਼ਿਮਨੀ ਚੋਣ ਟੋਸ਼ਮ ਹਲਕੇ ਵਿਚ 23 ਨਵੰਬਰ ਨੂੰ ਹੋ ਰਹੀ ਹੈ। ਇਸ ਹਲਕੇ ਦੇ ਐਮ. ਐਲ. ਏ. ਸੁਰਿੰਦਰ ਸਿੰਘ ਸਨ ਜੋ ਇਸ ਸਮੇਂ ਰਾਜ ਸਭਾ ਦੇ ਮੈਂਬਰ ਬਣ ਜਾਣ ਕਰਕੇ ਇਹ ਸੀਟ ਖਾਲੀ ਹੋਈ ਹੈ।

ਬੰਸੀ ਲਾਲ ਕੇਂਦਰੀ ਮੰਤਰੀ ਸਨ ਜਿਸ ਸਮੇਂ ਉਨ੍ਹਾਂ ਨੂੰ ਹਰਿਆਣੇ ਦੇ ਮੁੱਖ ਮੰਤਰੀ ਬਣਾਇਆ ਗਿਆ ਸੀ।

# ਬੇਰੁਜ਼ਗਾਰੀ ਭੱਤੇ ਦੇ ਨਿਯਮਾਂ 'ਚ ਤਬਦੀਲੀ ਨਹੀਂ

ਓਟਾਵਾ — ਕੈਨੇਡਾ ਦੇ ਰੁਜ਼ਗਾਰ ਮੰਤਰੀ ਬੁਚਾਰਡ ਨੇ ਐਲਾਨ ਕੀਤਾ ਹੈ ਕਿ ਬੇਰੁਜ਼ਗਾਰੀ ਭੱਤੇ ਦੇ ਪ੍ਰੀਮੀਅਮ ਦੇ ਰੇਟਾਂ 'ਚ ਆਉਂਦੇ ਸਾਲ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ।

ਉਹ ਇਲਾਕੇ ਜਿਥੇ ਬੇਰੁਜ਼ਗਾਰੀ ਦੀ ਦਰ ਕਾਫੀ ਜ਼ਿਆਦਾ ਹੈ, ਦੇ ਲੋਕ 10 ਹਫਤਿਆ ਬਾਅਦ ਬੇਰੁਜ਼ਗਾਰੀ ਭੱਤਾ ਲੈਣ ਦੇ ਹੱਕਦਾਰ ਪਹਿਲਾਂ ਵਾਂਗ ਹੀ ਹੋਣਗੇ। ਅਟਲਾਂਟਿਕ ਕੈਨੇਡਾ ਅਤੇ ਕਿਊਬੈਕ ਦੇ ਲੋਕ ਦਸ ਹਫਤੇ ਕੰਮ ਕਰਨ ਤੋਂ ਬਾਅਦ ਬੇਰੁਜ਼ਗਾਰੀ ਭੱਤੇ ਦੇ ਹੱਕਦਾਰ ਹੋ ਜਾਂਦੇ ਹਨ।

ਪੰਨਾ 4 ਦੀ ਬਾਕੀ

## ਸੱਚੇ ਰਾਸ਼ਟਰਵਾਦੀ

ਆਰਥਿਕ ਸੁਧਾਰਾਂ ਅਤੇ ਸਮਾਨਤਾ ਦੀਆਂ ਗੱਲਾਂ ਨੂੰ ਪਿੱਛੇ ਛੱਡ ਕੇ ਭਾਰਤੀ ਹਾਕਮਾਂ ਨੇ ਭਾਰਤ ਦੀ ਅਨਪੜ੍ਹ ਅਤੇ ਗਰੀਬ ਜਨਤਾ ਨੂੰ, ਜੋ ਰਾਜਨੀਤਕ ਸਭਿਆਚਾਰ ਵਿਚ ਪੂਰੀ ਤਰ੍ਹਾਂ ਪੱਛੜੀ ਹੋਈ ਹੈ, ਆਪਣੀ ਕੁਰਸੀ ਪ੍ਰਾਪਤੀ ਲਈ ਵਰਤਣਾ ਸ਼ੁਰੂ ਕਰ ਦਿੱਤਾ ਹੈ। ਇਸ ਸੁਆਰਥ ਵਿਚ ਪੇਸ਼ਾਵਰ ਰਾਜਨੀਤੀਵਾਨ ਲੋਕਾਂ ਦੀ ਏਕਤਾ ਨੂੰ ਭੰਗ ਕਰਨਗੇ ਅਤੇ ਭਾਰਤੀ ਸਮਾਜ ਵਿਚ ਇਕ ਦੂਜੇ ਪ੍ਰਤੀ ਅਵਿਸ਼ਵਾਸ਼ ਦੀ ਭਾਵਨਾ ਸਥਾਪਤ ਕਰਨਗੇ। ਹੁਣ ਕੁਝ ਸਮਾਜ ਸੁਧਾਰਕਾਂ ਦੀ ਜ਼ਰੂਰਤ ਹੈ ਜੋ ਲੋਕਾਂ ਨੂੰ ਅਸਲੀਅਤ ਤੋਂ ਜਾਣੂੰ ਕਰਵਾ ਕੇ ਉਨ੍ਹਾਂ ਨੂੰ ਇਕਮੁੱਠ ਕਰਕੇ ਇਨ੍ਹਾਂ ਗੈਰਰਾਸ਼ਟਰਵਾਦੀਆਂ ਵਿਰੁਧ ਲਾਮਬੰਦ ਕਰ ਸਕਣ ਜੋ ਆਪ ਤਾਂ ਰਾਸ਼ਟਰਵਾਦੀ ਨਹੀਂ ਪਰ ਜਿਨ੍ਹਾਂ ਦੇ ਨਾਅਰੇ ਹਰ ਰੋਜ਼ ਰਾਸ਼ਟਰਵਾਦ ਦਾ ਹੀ ਪ੍ਰਚਾਰ ਕਰਦੇ ਹਨ। ਸੱਚੇ ਰਾਸ਼ਟਰਵਾਦੀਆਂ ਦੀ ਜਿੱਤ ਹੀ ਅਸਲ ਧਰਮ - ਨਿਰਪੱਖ ਸਮਾਜ ਸਥਾਪਤ ਕਰ ਸਕਦੀ ਹੈ।

ਸੁਪਰ ਫੋਟੋ ਸਟੂਡੀਓ
Passport Photos 5 Mins. Service
Quality Portraits
Our Bussiness Weddings
Super Photo Studio
9375 - 120th St. (Scott Rd.) Delta

Memories Restored
ਅਸੀਂ ਪੁਰਾਣੀਆਂ ਫਟੀਆਂ ਫੋਟੋਆਂ ਮੁੜ ਨਵੀਆਂ ਕਰਦੇ ਹਾਂ — ਬਲੈਕ ਐਂਡ ਵਾਈਟ ਫੋਟੋਆਂ ਕੱਲਰ ਕੀਤੀਆਂ ਜਾਂਦੀਆਂ ਹਨ
Off. 589-4668
Res. 596-3770



DOSANJH & PIRANI
#202 - 5887 Victoria Drive, Vancouver, B.C. V5P 3W5
Phone 327-6381
● ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ ● ਜ਼ਮੀਨ ਖ਼੍ਰੀਦਣ ਤੇ ਵੇਚਣ ਦੇ ਕਾਗਜ਼ਾਤ
● ਵਿਉਪਾਰਕ ਮਸਲੇ ● ਪ੍ਰਵਾਰ ਤੇ ਤਲਾਕ ● ਫੌਜਦਾਰੀ ਤੇ ਸਿਵਲ ● ਕੋਰਟ ਟਰਾਇਲ
ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ

# ਪਾਕਿਸਤਾਨੀ ਦੋਸ਼ ਦਾ ਖੰਡਨ

## ਵਿਸ਼ਾਖਾਪਟਮ ਵਿਚ ਕੋਈ ਸੋਵੀਅਤ ਅੱਡਾ ਨਹੀਂ

ਨਵੀਂ ਦਿੱਲੀ — ਇਕ ਭਾਰਤੀ ਬੁਲਾਰੇ ਨੇ ਇਥੇ ਕਿਹਾ ਕਿ ਪਾਕਿਸਤਾਨ ਦੇ ਬਦੇਸ਼ ਮੰਤਰਾਲੇ ਦੇ ਬੁਲਾਰੇ ਦੇ ਇਸ ਕਥਨ ਵਿਚ ਕੋਈ ਸਚਾਈ ਨਹੀਂ ਕਿ ਭਾਰਤ ਨੇ ਵਿਸ਼ਾਖਾਪਟਮ ਵਿਚ ਸੋਵੀਅਤ ਯੂਨੀਅਨ ਦੇ ਸਮੁੰਦਰੀ ਬੇੜੇ ਨੂੰ ਕੋਈ ਅੱਡਾ ਬਨਾਉਣ ਦੀ ਆਗਿਆ ਦਿਤੀ ਹੋਈ ਹੈ। ਬੁਲਾਰੇ ਨੇ ਕਿਹਾ ਕਿ ਵਿਸ਼ਾਖਾਪਟਮ ਵਿਚ ਪਿਛਲੇ ਕਈ ਸਾਲਾਂ ਤੋਂ ਕੋਈ ਬਦੇਸ਼ੀ ਸਮੁੰਦਰੀ ਜਹਾਜ਼ ਨਹੀਂ ਆਇਆ।

ਭਾਰਤੀ ਬੁਲਾਰੇ ਨੇ ਕਿਹਾ ਕਿ ਭਾਰਤ ਨੇ ਜੋ ਦੋਸਤੀ ਦੀ ਸੰਧੀ ਦਾ ਖਰੜਾ ਪਾਕਿਸਤਾਨ ਨੂੰ ਪੇਸ਼ ਕੀਤਾ ਹੈ ਉਸ ਵਿਚ ਸਪੱਸ਼ਟ ਕਿਹਾ ਗਿਆ ਹੈ ਕਿ ਭਾਰਤ ਅਤੇ ਪਾਕਿਸਤਾਨ ਦੋਵੇਂ ਕਿਸੇ ਤੀਜੇ ਮੁਲਕ ਨੂੰ ਕੋਈ ਵੀ ਫੌਜੀ ਅੱਡਾ ਬਨਾਉਣ ਦੀ ਆਗਿਆ ਨਹੀਂ ਦੇਣਗੇ। ਬੁਲਾਰੇ ਨੇ ਕਿਹਾ ਕਿ ਭਾਰਤ ਪਹਿਲਾਂ ਹੀ ਕਿਸੇ ਮੁਲਕ ਨੂੰ ਅਜਿਹੇ ਅੱਡੇ ਬਣਾਉਣ ਦੀ ਆਗਿਆ ਨਹੀਂ ਦੇ ਰਿਹਾ।

ਭਾਰਤੀ ਬੁਲਾਰੇ ਨੇ ਕਿਹਾ ਕਿ ਭਾਰਤ ਦੀਆਂ ਹੋਰ ਬੰਦਰਗਾਹਾਂ ਉਤੇ ਸਮੁੰਦਰੀ ਜਹਾਜ਼ ਇਸ ਸਾਲ ਆਏ ਹਨ ਜਿਨ੍ਹਾਂ ਵਿਚ ਇਕ ਸੋਵੀਅਤ ਸਮੁੰਦਰੀ ਜਹਾਜ਼ ਵੀ ਸੀ। ਉਸਨੇ ਕਿਹਾ 1985 ਵਿਚ ਅਮਰੀਕਾ ਦਾ ਇਕ ਸਮੁੰਦਰੀ ਜਹਾਜ਼ ਵੀ ਭਾਰਤੀ ਬੰਦਰਗਾਹਾਂ ਉਤੇ ਆਇਆ ਜਿਨ੍ਹਾਂ ਵਿਚ ਈਰਾਨ, ਸਿੰਘਾਪੁਰ, ਸਵੀਡਨ, ਇੰਡੋਨੇਸ਼ੀਆ, ਆਸਟਰੇਲੀਆ ਤੇ ਮਲੇਸ਼ੀਆ ਦੇ ਸਮੁੰਦਰੀ ਜਹਾਜ਼ ਵੀ ਸਨ।

# ਪਾਕਿਸਤਾਨ 'ਚ ਬੰਬ ਫਟਣ ਨਾਲ 6 ਮਰੇ

ਪੇਸ਼ਾਵਰ — ਪਾਕਿਸਤਾਨ ਦੇ ਸ਼ਹਿਰ ਪੇਸ਼ਾਵਰ ਵਿਚ ਇਕ ਬੰਬ ਧਮਾਕੇ ਵਿਚ ਛੇ ਵਿਅਕਤੀ ਹਲਾਕ ਅਤੇ ਵੀਹ ਹੋਰ ਦੇ ਜ਼ਖਮੀ ਹੋਣ ਦੀ ਸੂਚਨਾ ਮਿਲੀ ਹੈ ਇਹ ਬੰਬ ਅਫਗਾਨ ਬਾਰਡਰ ਦੇ ਨੇੜੇ ਸਥਿਤ ਇਸ ਸ਼ਹਿਰ ਦੇ ਇਕ ਭਰੇ ਬਜ਼ਾਰ ਵਿਚ ਫਟਿਆ, ਬੰਬ ਧਮਾਕੇ ਦੀ ਜਿੰਮੇਵਾਰੀ ਭਾਵੇਂ ਕਿਸੇ ਗਰੁੱਪ ਨੇ ਨਹੀਂ ਲਈ, ਪਰ ਪੁਲੀਸ ਨੇ ਇਸ ਦਾ ਸਬੰਧ ਪੇਸ਼ਾਵਰ 'ਚ ਪਹਿਲਾਂ ਹੋਏ ਬੰਬ ਧਮਾਕਿਆਂ ਨਾਲ ਜੋੜਿਆ ਹੈ।

# ਮੌਂਜਬੀਕ ਦੇ ਪ੍ਰਧਾਨ ਨੂੰ ਹੰਝੂਆਂ ਭਰੀ ਵਿਦਾਇਗੀ

ਮਾਪੂਤੋ — ਮੌਂਜਬੀਕ ਦੇ ਪ੍ਰਧਾਨ ਜੋ ਕਿ 19 ਅਕਤੂਬਰ ਨੂੰ ਇਕ ਹਵਾਈ ਹਾਦਸੇ ਵਿਚ ਮਾਰੇ ਗਏ ਸਨ ਨੂੰ 28 ਅਕਤੂਬਰ ਨੂੰ ਸਰਕਾਰੀ ਸਨਮਾਨਾਂ ਨਾਲ ਦਫਨਾ ਦਿਤਾ ਗਿਆ। ਪ੍ਰਧਾਨ ਸਾਮੋਰਾ ਮਾਈਕਲ ਦੀਆਂ ਜਦ ਅੰਤਮ ਰਸਮਾਂ ਸ਼ੁਰੂ ਹੋਈਆਂ ਤਾਂ ਹਜ਼ਾਰਾਂ ਹੰਝੂ ਭਰੀਆਂ ਅੱਖਾਂ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ

ਦੁਨੀਆਂ ਭਰ ਦੇ ਨੁਮਾਇੰਦੇ ਇਸ ਸੋਗੀ ਮੌਕੇ 'ਤੇ ਪਹੁੰਚੇ ਹੋਏ ਸਨ। ਜਿੰਮਬਾਵੇ ਦੇ ਪ੍ਰਧਾਨ ਰੋਬਰਟ ਮੁਗਾਬੇ ਨੇ ਉਦਾਸੀ ਭਰੇ ਚਿਹਰੇ ਨਾਲ ਵਿਛੜੇ ਨੇਤਾ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਫੌਲਾਦੀ ਮਨੁੱਖ ਦੇ ਚਿਹਰੇ 'ਤੇ ਇੰਨੀ ਉਦਾਸੀ ਪਹਿਲਾਂ ਕਿਸੇ ਨੇ ਨਹੀਂ ਦੇਖੀ ਸੀ।

ਪ੍ਰਧਾਨ ਸਾਮੋਰਾ ਮਾਈਕਲ ਦੇ ਪੁਰਾਣੇ ਸਾਥੀ ਇਸ ਮੌਕੇ ਧਾਹਾਂ ਮਾਰ ਕੇ ਰੋ ਪਏ ਮੌਂਜਬੀਕ ਦੀ ਰੂਲਿੰਗ ਪਾਰਟੀ ਦੇ ਸਭ ਤੋਂ ਸ਼ਕਤੀਸ਼ਾਲੀ ਮੈਂਬਰ ਡੋਸ ਸਨਤੋਸ ਨੇ ਕਿਹਾ, "ਸਾਥੀ ਪ੍ਰਧਾਨ, ਅਸੀਂ ਕਸਮ ਖਾਂਦੇ ਹਾਂ ਕਿ ਅਸੀਂ ਮੌਂਜਬੀਕ ਨੂੰ ਤੇਰੇ ਸੁਫਨਿਆਂ ਵਾਲਾ ਬਣਾਵਾਂਗੇ।

ਸਾਮੋਰਾ ਮਾਈਕਲ ਨੇ ਗੁਆਂਢੀ ਦੇਸ਼ਾਂ ਜਿੰਮਬਾਵੇ ਨੂੰ ਗੋਰੀ ਸਰਕਾਰ ਤੋਂ ਆਜ਼ਾਦ ਕਰਾਉਣ ਲਈ ਮੁਗਾਬੇ ਦੇ ਗੁਰੀਲਾ ਯੁੱਧ ਦਾ ਪੂਰਾ ਸਾਥ ਦਿਤਾ।

ਪ੍ਰਧਾਨ ਮਾਈਕਲ ਦੀ ਅੰਤਮ ਰਸਮ ਸਵੇਰੇ ਸਵਖਤੇ ਮਾਪੂਤੋ ਦੇ ਸਿਟੀ ਹਾਲ ਤੋਂ ਸ਼ੁਰੂ ਹੋਈ।

ਅਮਰੀਕਨ ਪ੍ਰਧਾਨ ਰੇਗਨ ਨੇ ਆਪਣੀ ਪੁੱਤਰੀ ਨੂੰ ਇਸ ਸਮੇਂ ਭੇਜਿਆ।

ਹੋਰ ਲੀਡਰਾਂ 'ਚ ਪੀ. ਐਲ. ਓ. ਦੇ ਲੀਡਰ ਯਾਸਰ ਅਰਫਾਤ, ਅਫਰੀਕਨ ਨੈਸ਼ਨਲ ਕਾਂਗਰਸ ਅਤੇ ਸਾਰੇ ਕਾਲੇ ਦੇਸ਼ਾਂ ਦੇ ਪ੍ਰਤੀਨਿਧਾਂ 'ਚ ਵੀ ਸ਼ਾਮਲ ਹਨ।

ਕੈਨੇਡਾ ਸਰਕਾਰ ਨੇ ਬਦੇਸ਼ੀ ਸਬੰਧਾਂ ਦੇ ਮੰਤਰੀ ਨੂੰ ਇਸ ਮੌਕੇ 'ਤੇ ਭੇਜਿਆ। ਜਿੰਮਬਾਵੇ ਦੀਆਂ ਅਖਬਾਰਾਂ ਨੇ ਇਸਦੀ ਮੋਟੀ ਸੁਰਖੀ ਲਾਈ। ਤਿੰਨ ਲਾਈਨੀ ਸੁਰਖੀ ਇਸ ਤਰ੍ਹਾਂ ਸੀ "ਕੈਨੇਡਾ ਦੇ ਦਿਲ ਵਿਚ ਮਾਈਕਲ ਲਈ ਬਹੁਤ ਇੱਜ਼ਤ ਹੈ।"

ਸਾਊਥ ਅਫਰੀਕਾ ਦੀ ਸਰਕਾਰ ਨੇ ਅੰਤਮ ਰਸਮਾਂ 'ਚ ਸ਼ਾਮਲ ਹੋਣ ਲਈ ਮੌਂਜਬੀਕ ਸਰਕਾਰ ਨੂੰ ਚਾਰ ਸੁਨੇਹੇ ਭੇਜੇ ਪਰ ਇਨ੍ਹਾਂ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਗਿਆ।



ਜਦ ਪ੍ਰਧਾਨ ਮਾਈਕਲ ਦੇ ਜਹਾਜ਼ ਨੂੰ ਹਾਦਸਾ ਪੇਸ਼ ਆਇਆ ਉਦੋਂ ਉਹ ਜਾਂਬੀਆਂ 'ਚ ਖਿੱਤੇ ਦੀਆਂ ਪਾਲਸੀਆਂ ਵਾਰੇ ਹੋਈ ਇਕ ਮੀਟਿੰਗ ਤੋਂ ਵਾਪਸ ਆ ਰਹੇ ਸਨ। ਮੁਖ ਵਿਚਾਰ ਇਸ ਗੱਲ 'ਤੇ ਕੀਤਾ ਗਿਆ ਸੀ ਕਿ ਸਾਊਥ ਅਫਰੀਕਾ ਮੌਂਜਬੀਕ ਦੀ ਮਾਰਕਸਵਾਦੀ ਸਰਕਾਰ ਦੇ ਖਿਲਾਫ ਲੜ ਰਹੇ ਵਿਦਰੋਹੀਆਂ ਦੀ ਸਹਾਇਤਾ ਕਰ ਰਿਹਾ ਹੈ।

ਮੀਂਹ ਅਤੇ ਹਨੇਰੀ ਵਿਚ ਹਜ਼ਾਰਾਂ ਲੋਕਾਂ ਦੀ ਭੀੜ ਨੇ ਉਹਨਾਂ ਦੀਆਂ ਅੰਤਮ ਰਸਮਾਂ ਵਿਚ ਹਿਸਾ ਲਿਆ। ਪ੍ਰਧਾਨ ਮਾਈਕਲ ਨੂੰ ਉਨ੍ਹਾਂ ਦੀ ਪਤਨੀ ਜ਼ੋਸ਼ੀਨਾ ਕੋਲ ਦਫਨਾਇਆ ਗਿਆ ਜੋ ਕਿ ਗੁਰੀਲਾ ਜੰਗ ਵੇਲੇ ਮਾਰੀ ਗਈ ਸੀ।

ਨਵੇਂ ਪ੍ਰਧਾਨ ਦੀ ਚੋਣ ਐਤਵਾਰ ਤੱਕ ਹੋਣ ਦੀ ਸੰਭਾਵਨਾ ਹੈ।

ਵਗਦੇ ਸਾਗਰ ਦੇ ਕੰਢਿਆਂ 'ਤੇ
ਬੈਠਾ ਵੀ ਮਨ ਪਿਆਸਾ ਹੈ
ਭਾਵੇਂ ਸਦੀਆਂ ਬੀਤ ਗਈਆਂ ਨੇ
ਮਨ ਹੈ ਪ੍ਰਿਆਸਾ ਜੰਗਲ ਦਾ।

ਹੇ ਨਗਰੀ ਦੇ ਲੋਕੋ ਉਠੋ
ਆਪੇ ਆਪਣੀ ਭਾਲ ਕਰੋ
ਇਸ ਨਗਰੀ ਦੇ ਰਜੇ ਨੂੰ ਤਾਂ
ਰਹਿੰਦਾ ਸੰਸਾ ਜੰਗਲ ਦਾ।


# ROKKO SAREES & FABRICS

6201 Fraser Street
VANCOUVER
Tel: 327-3033

ਦੀਵਾਲੀ ਮੁਬਾਰਕ!

ਰੋਕੋ ਸਾੜ੍ਹੀਜ਼ ਹਫ਼ਤੇ ਦੇ ਸੱਤੇ ਦਿਨ
ਖੁਲ੍ਹਾ ਰਹਿੰਦਾ ਹੈ




Diwali Greetings!

ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ
ਸਪੈਸ਼ਲ ਸਪੈਸ਼ਲ ਸੇਲ ਲੱਗਦੀ ਹੈ

# ਅਮਰੀਕਾ 'ਚ ਗੁਜ਼ਾਰੇ ਦਿਨ ਜੇਲ੍ਹ ਕੱਟਣ ਵਾਂਗ ਸਨ

ਮਾਸਕੋ — ਦੋ ਸੋਵੀਅਤ ਸ਼ਹਿਰੀ ਜੋ ਕਿ ਕੁਝ ਸਮਾਂ ਪਹਿਲਾਂ ਪੱਕੇ ਤੌਰ ਤੇ ਅਮਰੀਕਾ ਚਲੇ ਗਏ ਸਨ, ਵਾਪਸ ਆਪਣੇ ਦੇਸ਼ ਪਰਤ ਗਏ ਹਨ। ਉਨ੍ਹਾਂ 'ਚੋਂ ਇਕ ਨੇ ਅਮਰੀਕਾ ਜਾਣਾ ਸਭ ਤੋਂ ਵੱਡੀ ਗਲਤੀ ਦੱਸਿਆ ਹੈ।

ਕਮਿਊਨਿਸਟ ਪਾਰਟੀ ਦੇ ਅਖਬਾਰ ਅਨੁਸਾਰ ਦੋਨੋਂ ਵਿਅਕਤੀ ਇਜ਼ਰੀਲ ਮਲਿਕਮੀਨ ਅਤੇ ਜੀਫਮ ਬੇਲੀਕੀਨ ਸੋਮਵਾਰ ਮਾਸਕੋ ਹਵਾਈ ਅੱਡੇ 'ਤੇ ਉਤਰੇ।

ਦੋਹਾਂ ਨੇ ਦੇਸ਼ ਮੁੜਨ ਤੋਂ ਪਹਿਲਾਂ ਵਾਸ਼ਿੰਗਟਨ 'ਚ ਸਥਿਤ ਸੋਵੀਅਤ ਸਫਾਰਤਖਾਨੇ 'ਚ ਇਕ ਪ੍ਰੈਸ ਕਾਨਫਰੰਸ 'ਚ ਹਿਸਾ ਲਿਆ। ਪ੍ਰੈਸ ਕਾਨਫਰੰਸ 'ਚ ਉਨ੍ਹਾਂ ਨਾਲ ਦੋ ਹੋਰ ਸੋਵੀਅਤ ਸ਼ਹਿਰੀ ਯੂਰੀ ਚਾਪਸੋਵਾਸਕੀ ਅਤੇ ਰਾਸ਼ੀਦ ਅਤਾਮਾਲੀਬੀਕੋਵ ਵੀ ਸ਼ਾਮਲ ਹੋਏ, ਜਿਨ੍ਹਾਂ ਨੂੰ ਦੇਸ਼ ਜਾਣ ਦੀ ਇਜਾਜ਼ਤ ਮਿਲ ਗਈ ਹੈ।

ਮਿਸਟਰ ਬੇਲਕੀਨ ਨੇ ਭਾਵਕ ਹੋਏ ਨੇ ਕਿਹਾ, "ਅਮਰੀਕਾ ਆ ਕੇ ਮੈਂ ਵੱਡੀ ਭੁੱਲ ਕੀਤੀ ਸੀ, ਅਤੇ ਇਸ ਦੀ ਸਜ਼ਾ ਮੈਨੂੰ ਬਹੁਤ ਸਖਤ ਮਿਲੀ ਹੈ। ਜਿਹੜੇ ਦਸ ਸਾਲ ਮੈਂ ਅਮਰੀਕਾ 'ਚ ਗੁਜ਼ਾਰੇ, ਇਹ ਜੇਲ੍ਹ ਕੱਟਣ ਵਾਂਗ ਸਨ।"

# ਨੰਦ ਲਾਲ ਨੂਰਪੁਰੀ ਐਵਾਰਡ

ਯੂਬਾ ਸਿਟੀ — 18 ਅਕਤੂਬਰ, 1986 — ਏਥੇ ਸਿਟੀ ਹਾਲ ਵਿਚ ਹੋਏ ਇਕ ਵਿਸ਼ੇਸ਼ ਸਮਾਰੋਹ ਵਿਚ ਸਾਹਿਤ ਸਭਾ ਯੂਬਾ ਸਿਟੀ ਵਲੋਂ ਸ: ਕਸ਼ਮੀਰਾ ਸਿੰਘ 'ਚਮਨ'(ਕੈਲਗਰੀ) ਨੂੰ ਨੰਦ ਲਾਲ ਨੂਰਪੁਰੀ ਐਵਾਰਡ ਪਰਦਾਨ ਕੀਤਾ ਗਿਆ

ਇਸ ਸਮਾਗਮ ਦੀ ਪ੍ਰਧਾਨਗੀ ਗੁਰਦੇਵ ਸਿੰਘ ਮਾਨ ਨੇ ਕੀਤੀ ਅਤੇ ਨਾਲ ਸਹਿ ਪ੍ਰਧਾਨਗੀ ਸੁਰਜੀਤ ਸਿੰਘ ਸੇਠੀ ਹੈਡ ਡਰਾਮਾ ਡੀਪਾਰਟਮੈਂਟ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਕੀਤੀ। ਯਾਦ ਰਹੇ ਕਿ ਸਾਹਿਤ ਸਭਾ ਯੂਬਾ ਸਿਟੀ ਵਲੋਂ 1985 ਤੋਂ ਨੰਦ ਲਾਲ ਨੂਰਪੁਰੀ ਐਵਾਰਡ ਦੇਣਾ ਆਰੰਭ ਹੋਇਆ ਸੀ। ਪਹਿਲਾ ਸਨਮਾਨ ਗੁਰਦੇਵ ਸਿੰਘ ਮਾਨ ਨੂੰ ਦਿਤਾ ਗਿਆ ਸੀ।

ਸੰਤੋਖ ਸਿੰਘ ਗਿੱਲ ਹੋਰਾਂ ਸਟੇਜ ਸਕੱਤਰ ਦੇ ਫਰਜ਼ ਅਦਾ ਕੀਤੇ। ਸ: ਈਸ਼ਰ ਸਿੰਘ ਮੋਮਨ, ਜਸਪਾਲ ਸਿੰਘ ਸੂਸ, ਕਸ਼ਮੀਰਾ ਸਿੰਘ ਚਮਨ, ਸ. ਰਬਿੰਦਰ ਸਿੰਘ ਅਟਵਾਲ ਅਤੇ ਮੁਹੰਮਦ ਅਖਤਰ ਨੇ ਆਪਣੀਆਂ ਕਵਿਤਾਵਾਂ ਨਾਲ ਸਰੋਤਿਆਂ ਤੇ ਜਾਦੂ ਕਰ ਦਿਤਾ। ਸਾਰਾ ਸਮਾਗਮ ਬਹੁਤ ਸਫਲ ਰਿਹਾ।

ਜਸਪਾਲ ਸਿੰਘ ਸੂਸ
ਜਨਰਲ ਸਕੱਤਰ ਸਾਹਿਤ ਸਭਾ ਯੂਬਾ ਸਿਟੀ।

# ਡਰਾਈਵਰ ਨੂੰ ਸਜ਼ਾ

ਵਿਕਟੋਰੀਆ — ਅਣਗਹਿਲੀ ਨਾਲ ਡਰਾਈਵਿੰਗ ਕਰਕੇ ਦੋ ਵਿਅਕਤੀਆਂ ਨੂੰ ਮਾਰਨ ਦੇ ਦੋਸ਼ ਵਿਚ ਕੀਨਥ ਗਰੇਵ ਨਾਂ ਦੇ ਵਿਅਕਤੀ ਨੂੰ ਦੋ ਸਾਲ ਦੀ ਸਜ਼ਾ ਸੁਣਾਈ ਗਈ ਹੈ।

ਪਿਛਲੇ ਸਾਲ 26 ਜੂਨ ਨੂੰ ਉਹਦੇ ਪਿਕ ਅਪ ਟਰੱਕ ਨਾਲ ਮੋਟਰ ਸਾਈਕਲ ਦੀ ਟੱਕਰ ਹੋਣ 'ਤੇ ਕੋਰਨੀਲਸ ਅਤੇ ਉਹਦੀ ਪਤਨੀ ਦੀ ਮੌਤ ਹੋ ਗਈ ਸੀ।

ਗਰੇਵ ਦਾ ਲਾਇਸੰਸ ਵੀ ਪੰਜ ਸਾਲ ਲਈ ਲੈ ਲਿਆ ਗਿਆ ਹੈ।

---

ਜਿਸ ਨੂੰ ਸੁਣ
ਕੰਧਾਂ ਦੀਆਂ ਪੱਕੀਆਂ-ਪਿੱਲੀਆਂ ਇੱਟਾਂ 'ਚੋਂ
ਨੀਂਦ ਸਿਮਣ ਲਗ ਪੈਂਦੀ ਸੀ
ਉਹੋ ਲੋਰੀ......
ਮੇਰੀਏ ਮਾਏ......




ਮੋਗੇ ਦਾ ਰੀਗਲ ਸਿਨੇਮਾ ਜੋ ਹੁਣ ਵਿਦਿਆਰਥੀ ਘੋਲ ਸਮੇਂ ਹੋਏ ਸ਼ਹੀਦਾਂ ਦੀ ਯਾਦਗਾਰ ਦੇ ਤੌਰ 'ਤੇ ਜਾਣਿਆ ਜਾਂਦਾ ਹੈ।

# ਜੰਗੀ ਕੈਦੀਆਂ ਦੇ ਤਬਾਦਲੇ ਲਈ ਈਰਾਕ ਦੀ ਤਜ਼ਵੀਜ਼

ਬਗਦਾਦ — ਇਰਾਕ ਨੇ ਈਰਾਨ ਨੂੰ ਜੰਗੀ ਕੈਦੀਆਂ ਦੇ ਵਟਾਂਦਰੇ ਲਈ ਤਜ਼ਵੀਜ਼ ਪੇਸ਼ ਕੀਤੀ ਹੈ। ਈਰਾਕ ਦੇ ਵਿਦੇਸ਼ ਮੰਤਰੀ ਤਾਰਿਕ ਅਜੀਜ ਅਨੁਸਾਰ ਇਹ ਵਟਾਂਦਰਾ ਰੈਡ ਕਰਾਸ ਦੀ ਕੌਮਾਂਤਰੀ ਕਮੇਟੀ ਅਤੇ ਯੂ. ਐਨ. ਓ ਰਾਹੀਂ ਹੋ ਸਕਦਾ ਹੈ। ਬਗਦਾਦ 'ਚ ਰੈਡ ਕਰਾਸ ਦੇ ਸੂਤਰਾਂ ਦਾ ਅਨੁਮਾਨ ਹੈ ਕਿ ਈਰਾਨ 'ਚ ਈਰਾਕੀ ਜੰਗੀ ਕੈਦੀਆਂ ਦੀ ਗਿਣਤੀ 75 ਹਜ਼ਾਰ ਤੋਂ ਵੀ ਵੱਧ ਹੈ ; ਜਦ ਕਿ ਈਰਾਕ ਦੀਆਂ ਜੇਲ੍ਹਾਂ 'ਚ 50 ਹਜ਼ਾਰ ਈਰਾਨੀ ਕੈਦ ਹਨ।

ਈਰਾਕ ਦਾ ਵਿਚਾਰ ਹੈ ਕਿ ਸਭ ਤੋਂ ਪਹਿਲਾਂ ਬੱਚਿਆਂ, ਅਪਾਹਜਾਂ ਅਤੇ ਬੀਮਾਰਾਂ ਦਾ ਵਟਾਂਦਰਾ ਹੋਣਾ ਚਾਹੀਦਾ ਹੈ।

ਈਰਾਕ ਨੇ ਈਰਾਨ ਦੀਆਂ ਪੰਜ ਗੰਨ ਬੋਟਾਂ ਨੂੰ ਡੁਬੋ ਦੇਣ ਦਾ ਦਾਅਵਾ ਵੀ ਕੀਤਾ ਹੈ।

---

ਰੋਹ ਦੇ ਚਿੰਗਾੜੇ
ਅਸੀਂ ਜ਼ੁਲਮਾਂ ਦੇ ਵੈਰੀ
ਅਸਾਂ ਵੰਡਣੇ ਸਵੇਰੇ-

ਸਾਡੇ ਪੈਰਾਂ ਵਿਚ ਕਾਲ
ਜਿਹੜਾ ਬੰਨ੍ਹਿਆਂ ਤੁਸਾਂ ਨੇ
ਤੁਹਾਡੇ ਸਿਰਾਂ ਉਤੇ ਕੂਕੂ
ਜਦੋਂ ਹੋਣਗੇ ਨਿਬੇੜੇ-

ਸਾਡਾ ਸੂਰਜ ਵੀ ਮੋੜੋ
ਸਾਡਾ ਚਾਨਣ ਵੀ ਮੋੜੋ
ਕਿਤੇ ਖਾ ਨਾ ਜਾਣ ਚੰਦਰੇ ਹਨੇਰੇ।

# ਫਰਾਂਸ ਦਾ ਸੀਰੀਆ ਨਾਲੋਂ ਸਬੰਧ ਤੋੜਣ ਤੋਂ ਇਨਕਾਰ

ਪੈਰਿਸ — ਫਰਾਂਸ ਦੇ ਕੰਜ਼ਰਵੇਟਿਵ ਪ੍ਰਧਾਨ ਮੰਤਰੀ ਚੀਰਾਕ ਨੇ ਬ੍ਰਿਟੇਨ ਵਲੋਂ ਸੀਰੀਆ ਦੇ ਖਿਲਾਫ ਪਾਬੰਦੀਆਂ ਲਾਉਣ ਦੀ ਮੰਗ ਨੂੰ ਰੱਦ ਕਰ ਦਿੱਤਾ ਹੈ।

ਇਸੇ ਸਮੇਂ ਸ਼ੋਸਲਿਸਟ ਪ੍ਰਧਾਨ ਮਿਤਰਾਂਡ ਨੇ ਇਕ ਟੈਲੀਵੀਜ਼ਨ ਇੰਟਰਵਿਊ 'ਚ ਕਿਹਾ ਕਿ ਉਨ੍ਹਾਂ ਮੁਲਖਾਂ ਨਾਲ ਅਸੀਂ ਕੋਈ ਸਮਝੌਤਾ ਨਹੀਂ ਕਰ ਸਕਦੇ ਜੋ ਅਤਿਵਾਦ ਨੂੰ ਸ਼ਹਿ ਦਿੰਦੇ ਹਨ ਪਰ ਸੀਰੀਆ 'ਤੇ ਅਜਿਹਾ ਕਰਨ ਦਾ ਕੋਈ ਪੱਕਾ ਸਬੂਤ ਨਹੀਂ ਹੈ।

ਫਰਾਂਸ ਦੇ ਸਬੰਧ ਕੁਝ ਸਮੇਂ ਤੋਂ ਸਾਰੀਆ ਨਾਲ ਸੁਧਰ ਰਹੇ ਹਨ। ਇਕ ਮੰਤਰੀ ਚਾਰਲਸ ਅਨੁਸਾਰ ਦੋਹਾਂ ਦੇਸ਼ਾਂ ਦੀਆਂ ਸੁਰੱਖਿਆ ਫੌਜਾਂ ਅਤਿਵਾਦ ਦਾ ਮੁਕਾਬਲਾ ਕਰਨ ਲਈ ਇਕੱਠੀ ਕਾਰਵਾਈ ਕਰ ਰਹੀਆਂ ਹਨ।

ਵਾਸ਼ਿੰਗਟਨ ਨੇ ਫਰਾਂਸ, ਪੱਛਮੀ ਜਰਮਨੀ ਅਤੇ ਯੂਨਾਨ ਵਲੋਂ ਸੀਰੀਆ ਨਾਲੋਂ ਸਬੰਧ ਨਾ ਤੋੜਣ 'ਤੇ ਨਾ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ।

ਸੀਰੀਅਨ ਰੇਡੀਓ ਅਨੁਸਾਰ ਬ੍ਰਿਟੇਨ ਇਨ੍ਹਾਂ ਦੇਸ਼ਾਂ ਨੂੰ ਮਨਾ ਨਹੀਂ ਸਕਿਆ ਅਤੇ ਇਹ ਬ੍ਰਿਟੇਨ ਦੀ ਵੱਡੀ ਹਾਰ ਹੈ।

# ਪੱਛਮੀ ਜਰਮਨੀ 'ਚ ਏਅਰ ਲਾਈਨ ਦੇ ਦਫਤਰ 'ਚ ਬੰਬ ਧਮਾਕਾ

ਕੋਲੋਗਨ — ਪੱਛਮੀ ਜਰਮਨੀ ਏਅਰ ਲਾਈਨ ਦੇ ਮੁੱਖ ਦਫਤਰ 'ਚ ਬੰਬ ਫਟਣ ਨਾਲ ਸੱਤਰ ਹਜ਼ਾਰ ਡਾਲਰ ਦੀ ਜਾਇਦਾਦ ਨੂੰ ਨੁਕਸਾਨ ਪੁਜਿਆ ਹੈ। ਕਿਸੇ ਦੇ ਜ਼ਖਮੀ ਹੋਣ ਦੀ ਕੋਈ ਖਬਰ ਨਹੀਂ ਮਿਲੀ।

ਬੰਬ ਸੁੱਟਣ ਦੀ ਘਟਨਾ ਨੂੰ ਪੱਛਮੀ ਜਰਮਨੀ ਦੀ ਸ਼ਰਨਾਰਥੀ ਸਮੱਸਿਆ ਨਾਲ ਜੋੜਿਆ ਜਾ ਰਿਹਾ ਹੈ।

FOR THE SOUTH ASIAN COMMUNITY

Sabrung شہر میں اپنی نوعیت کا واحد

SOUTHERN TELEVISION SHOW
GOOD NEWS FOR
THE SOUTH EAST ASIAN COMMUNITIES
LIVING IN BAY AREA

A new kind of television show on Cable Channel 25 can be seen on every Saturday at 6 p.m. regularly full of entertainment, excitement and music. Presents educational and informative program concerning our community's day to day life.

Producer and host: Irfan Ali

KEEP LISTENING TO SABRUNG RADIO & TELEVISION PROGRAM

TELEVISION (415) 928-1650 | SATURDAYS 6:00 p.m. | CHANNEL 25 CABLE KUSF 90.3 FM

RADIO PROGRAM
SUNDAYS
10-12 NOON

سب رنگ

KUSF
90.3 FM

# ਟਰੂ ਫੂਡਜ਼ ਸਫ਼ਲਤਾ ਦੀਆਂ ਪੁਲਾਂਘਾਂ ਭਰਦਾ ਹੋਇਆ

ਸਰੀ — ਇਹ ਖਬਰ ਦਿੰਦਿਆਂ ਸਾਨੂੰ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਸਤਨਾਮ ਸਿੰਘ ਮੰਡੇਰ ਹੋਰਾਂ ਨੇ ਆਪਣਾ ਦੂਜਾ ਵੱਡਾ ਗਰੋਸਰੀ ਸਟੋਰ 100 ਐਵੇਨਿਊ ਤੇ 136 ਏ ਸਟਰੀਟ ਉਤੇ ਖੋਲ੍ਹ ਦਿਤਾ ਹੈ। ਸ੍ਰੀ ਮੰਡੇਰ ਦਾ ਪਹਿਲਾ ਸਟੋਰ 107 ਐਵੇਨਿਊ ਅਤੇ ਕਿੰਗ ਜਾਰਜ਼ ਹਾਈਵੇ ਦੇ ਉਤੇ ਹੈ ਜਿਸਨੂੰ ਉਹ ਬੜੀ ਸਫਲਤਾ ਨਾਲ ਪਿਛਲੇ ਛੇ ਸਾਲ ਤੋਂ ਚਲਾ ਰਹੇ ਹਨ। ਨਵੇਂ ਸਟੋਰ ਵਿਚ ਭਾਰਤੀ ਗਰੋਸਰੀ ਭਾਰੀ ਮਿਕਦਰ ਵਿਚ ਰੱਖੀ ਗਈ ਹੈ ਅਤੇ ਸਟੋਰ ਦਾ ਏਰੀਆ ਵੀ 3000 ਵਰਗ ਫੁੱਟ ਤੋਂ ਵੱਧ ਹੈ। ਗਾਹਕਾਂ ਦੀ ਸਹੂਲਤ ਲਈ ਪਾਰਕਿੰਗ ਦਾ ਬਹੁਤ ਵਧੀਆ ਇੰਤਜ਼ਾਮ ਕੀਤਾ ਗਿਆ ਹੈ ਅਤੇ ਕਾਰਾਂ ਵੱਡੀ ਗਿਣਤੀ ਵਿਚ ਪਾਰਕ ਕੀਤੀਆਂ ਜਾ ਸਕਦੀਆਂ ਹਨ।

ਸ੍ਰੀ ਮੰਡੇਰ ਨੇ ਦੱਸਿਆ ਕਿ ਉਨ੍ਹਾਂ ਦਾ ਬਿਜ਼ਨਿਸ ਕਰਨ ਦਾ ਢੰਗ ਆਪਣਾ ਹੈ ਤੇ ਉਹ ਆਪਣੇ ਗਾਹਕਾਂ ਦੀ ਤਸੱਲੀ ਨੂੰ ਮੁੱਖ ਰੱਖਕੇ ਆਪਣਾ ਕੰਮ ਚਲਾਉਂਦੇ ਹਨ। ਉਨ੍ਹਾਂ ਦੱਸਿਆ ਕਿ ਵਿਆਹ, ਸ਼ਾਦੀਆਂ ਤੇ ਹੋਰ ਸਮਾਗਮਾਂ ਲਈ ਹਮੇਸ਼ਾ ਵੱਧ ਡਿਸਕਾਊਂਟ ਦਿਤਾ ਜਾਂਦਾ ਹੈ ਅਤੇ ਗਾਹਕਾਂ ਦੀ ਸਹੂਲਤ ਦਾ ਵੱਧ ਤੋਂ ਵੱਧ ਖਿਆਲ ਰੱਖਿਆ ਜਾਂਦਾ ਹੈ।

ਉਨ੍ਹਾਂ ਦੱਸਿਆ ਕਿ ਉਦਘਾਟਨ ਬੇਸ਼ਕ ਪਿਛਲੇ ਹਫਤੇ ਸੀ ਪਰ ਦੀਵਾਲੀ ਦੇ ਸ਼ੁਭ ਮੌਕੇ ਉਤੇ ਕੀਮਤਾਂ ਹੋਰ ਵੀ ਘਟਾ ਦਿਤੀਆਂ ਹਨ। ਉਨ੍ਹਾਂ ਸਾਰੇ ਗਾਹਕਾਂ ਨੂੰ ਦੀਵਾਲੀ ਦੀ ਵਧਾਈ ਪੇਸ਼ਗੀ ਦਿੰਦਿਆਂ ਕਿਹਾ ਕਿ ਉਹ ਇਕ ਵਾਰ ਟਰੂ ਫੂਡਜ਼ ਦੇ ਨਵੇਂ ਸਟੋਰ ਤੇ ਆ ਕੇ ਆਪ ਨਿਰਣਾ ਕਰਨ ਕਿ ਕੀਮਤਾਂ ਵਿਚ ਕਿੰਨਾ ਫਰਕ ਹੈ।

ਸ੍ਰੀ ਮੰਡੇਰ ਨੇ ਦੱਸਿਆ ਕਿ ਇਸ ਸਟੋਰ ਵਿਚ ਹੈਲਥ ਫੂਡਜ਼, ਜੜ੍ਹੀ ਬੂਟੀਆਂ ਆਦਿ ਵੀ ਮਿਲਦੀਆਂ ਹਨ ਜੋ ਕੁਦਰਤੀ ਇਲਾਜਾਂ ਲਈ ਬਹੁਤ ਮੁਫੀਦ ਹਨ।

ਸ੍ਰੀ ਮੰਡੇਰ ਨੇ ਕਿਹਾ ਕਿ ਉਹ ਆਪਣੇ ਗਾਹਕਾਂ ਦੀ ਸਹੂਲਤ ਲਈ ਮੂਵੀਆਂ ਵੀ ਰੱਖ ਰਹੇ ਹਨ ਤਾਂਕਿ ਗਾਹਕਾਂ ਨੂੰ ਦੂਰ ਨਾ ਜਾਣਾ ਪਵੇ। ਇਸ ਤਰ੍ਹਾਂ ਸਰੀ-ਗਿਲਫਰਡ ਦੇ ਨਿਵਾਸੀਆਂ ਲਈ ਹੋਰ ਵੀ ਸਹੂਲਤ ਹੋ ਗਈ।

'ਕੈਨੇਡਾ ਦਰਪਣ' ਸ੍ਰੀ ਮੰਡੇਰ ਅਤੇ ਉਨ੍ਹਾਂ ਦੇ ਪ੍ਰਵਾਰ ਨੂੰ ਨਵੇਂ ਸਟੋਰ ਦੀ ਵਧਾਈ ਪੇਸ਼ ਕਰਦਿਆਂ ਕਾਮਨਾ ਕਰਦਾ ਹੈ ਕਿ ਉਨ੍ਹਾਂ ਦਾ ਬਿਜ਼ਨਿਸ ਹੋਰ ਵੀ ਵਧੇ ਫੁਲੇ।




ਨਵੇਂ ਸਟੋਰ ਦਾ ਉਦਘਾਟਨ ਪਿਛਲੇ ਹਫਤੇ ਹੋਇਆ



## ਟਰੂ ਫੂਡਜ਼ ਨੇ ਪਿਛਲੇ ਕੁਝ ਸਾਲਾਂ ਵਿਚ ਹੀ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕੀਤੀ ਹੈ।




To protect your family, your mortgage, or to ensure your childrens' education, for an RRSP or an annuity, contact:

AVTAR S. RANDHAWA

B.A., B.T



AVTAR S. RANDHAWA

Metropolitan Insurance Companies

AVTAR S. RANDHAWA
687-5871 (office) or 325-3562 (Residence)
700-1176 W. GEORGIA ST. VANCOUVER.



GM

GM WESTMINSTER
CHEVROLET OLDSMOBILE

"we run a very simple business"
Telephone (604) 521-7731

1984 ਦੇ ਗਰੈਂਡ ਸੇਲਜ਼ ਮਾਸਟਰ

ਸਾਡੇ ਕੋਲ ਨਵੀਆਂ, ਪੁਰਾਣੀਆਂ ਕਾਰਾਂ, ਸਪੋਰਟਸ ਕਾਰਾਂ, ਪਿਕ ਆਪ ਆਦਿ ਹਨ।
ਆਪ ਆਪਣੀ ਕਾਰ ਵੇਚਣ ਜਾਂ ਖ੍ਰੀਦਣ ਤੋਂ ਪਹਿਲਾਂ ਇਕ ਵਾਰੀ
ਗੁਰਜੀਤ ਬਾਵਾ ਨੂੰ ਮਿਲੋਂ
ਜਾਂ ਫੂਨ ਜ਼ਰੂਰ ਕਰੋ। ਉਹ ਤੁਹਾਨੂੰ ਵਧੀਆ ਕੀਮਤ ਤੇ ਕਾਰ ਦਿਵਾਉਣਗੇ। ਉਹ ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਵੀ ਕਰਵਾਉਣਗੇ।





ਗੁਰਜੀਤ ਢੀਂਡਸਾ ਬਾਵਾ

BUS. 521-7731 Pager 687-1985 ÷5531
12th. Street at Queens Ave., New Westminster - B.C.

ਸਰੀ-ਡੈਲਟਾ ਦੀ ਪੰਜਾਬੀ ਮਾਰਕਿਟ ਵਿਚ ਸਰਤਾਜ ਕੱਪੜਿਆਂ ਦਾ

ਸਟੋਰ

ਮੂਵਿੰਗ ਆਊਟ
ਭਾਰੀ ਸੇਲ

# ਜੈਸੀ ਫੈਬਰਿਕਸ

ਦੀਵਾਲੀ ਮੁਬਾਰਕ!

---

**ਸਟੋਰ ਵਿਚ ਪਏ ਕੱਪੜਿਆਂ ਦੀਆਂ ਕੀਮਤਾਂ ਐਨੀਆਂ ਘਟਾ ਦਿਤੀਆਂ ਕਿ ਤੁਸੀਂ ਹੈਰਾਨ ਹੋ ਜਾਵੋਗੇ। ਥੋਕ ਦੇ ਭਾਅ ਤੋਂ ਵੀ ਘੱਟ।**

**ਵਿਆਹ ਸ਼ਾਦੀ ਅਤੇ ਇੰਡੀਆ ਜਾਣ ਵਾਲਿਆਂ ਲਈ ਸੁਨਿਹਰੀ ਮੌਕਾ**

---

ਜਾਪਾਨ ਤੋਂ ਵੀ ਕਾਫੀ ਵੱਡੀ ਮਿਕਦਾਰ ਵਿਚ ਕੱਪੜਾ ਪਹੁੰਚ ਗਿਆ ਹੈ, ਜਿਸ ਵਿਚ ਤੁਹਾਨੂੰ ਕਰੇਪ-ਡਸ਼ੀਨ ਵਿਚ ਪ੍ਰਿੰਟਿਡ ਤੇ ਸਿਲਕ ਪ੍ਰਿੰਟ ਦੇ ਸੂਟ ਵੱਖਰੇ ਵੱਖਰੇ ਤੁਹਾਡੀ ਮਨਪਸੰਦ ਦੇ ਰੰਗਾਂ ਵਿਚ ਮਿਲ ਸਕਦੇ ਹਨ।

---



**ਵਧੀਆ ਕੁਆਲਿਟੀ ਵਾਜਬ ਕੀਮਤਾਂ ਤੇ ਵੱਡੀ ਸਲੈਕਸ਼ਨ ਲਈ ਜ਼ਰੂਰ ਜੈਸੀ ਫੈਬਰਿਕਸ ਸਟੋਰ ਵਿਚ ਆ ਕੇ ਦੇਖੋ!**



# JESSIE FABRICS



9329, 120th. ST. (Scott Rd.) DELTA-SURREY, B.C.

**PH. (604) 585-3656**

# ਰੇਬੀਰੋ 'ਤੇ ਹਮਲੇ ਦਾ ਕਾਰਨ:

## ਪੁਲੀਸ ਦਾ ਨਾਕਸ ਪ੍ਰਬੰਧ

ਪੰਜਾਬੀ ਦੇ ਪੁਲੀਸ ਮੁਖੀ ਰੇਬੀਰੋ 'ਤੇ ਹਮਲਾ ਪੁਲੀਸ ਦੇ ਨਾਕਸ ਪ੍ਰਬੰਧ ਦੀ ਮੂੰਹ ਬੋਲਦੀ ਤਸਵੀਰ ਹੈ। ਇਸ ਕੁਝ ਮਿੰਟਾਂ ਦੇ ਡਰਾਮੇ 'ਚ ਅਧੁਨਿਕ ਹਥਿਆਰਾਂ ਨਾਲ ਲੈਸ ਅਤਿਵਾਦੀ ਇਕ ਸਿਪਾਹੀ ਨੂੰ ਹਲਾਕ ਅਤੇ ਰੇਬੀਰੋ ਦੀ ਪਤਨੀ ਅਤੇ ਚਾਰ ਜਵਾਨਾਂ ਨੂੰ ਜ਼ਖ਼ਮੀ ਕਰ ਗਏ। ਸਾਰੇ ਕੈਂਪਸ 'ਚ ਚੁੱਪ ਵਰਤ ਗਈ। ਅਤਿਵਾਦੀਆਂ ਨੂੰ ਰੋਕਣ ਲਈ ਪੁਲੀਸ ਦੇ ਹਥਿਆਰ ਜਾਮ ਹੋ ਗਏ ਭਾਵੇਂ ਕਿ ਉਥੇ ਉਸ ਵੇਲੇ ਪੁਲੀਸ ਦੇ ਦਰਜਨਾਂ ਤਿਆਰ ਬਰ ਤਿਆਰ ਟਰੱਕ, ਜੀਪਾਂ ਅਤੇ ਕਾਰਾਂ ਖੜੇ ਸਨ। 50 ਤੋਂ ਵੱਧ ਗਨ-ਮੈਨ ਚੌਹਾਂ ਗੇਟਾਂ ਦੀ ਰਾਖੀ ਕਰ ਰਹੇ ਸਨ ਅਤੇ ਕਈ ਹੋਰ ਵੱਖ ਵੱਖ ਥਾਵਾਂ 'ਤੇ ਪਹਿਰਾ ਦੇ ਰਹੇ ਸਨ।

ਅਤਿਵਾਦੀਆਂ ਨਾਲ ਰਲੇ ਸ਼ੱਕੀ ਪੁਲਸੀਆਂ ਦੀ ਲੰਮੀ ਪੁਛਗਿਛ ਤੋਂ ਬਾਅਦ ਵੀ ਕੋਈ ਸਿੱਟਾ ਨਹੀਂ ਨਿਕਲਿਆ ਕਿ ਉਹ ਕੰਪਲੇਕਸ 'ਚ ਦਾਖਲ ਕਿਵੇਂ ਹੋਏ। ਉਨ੍ਹਾਂ ਵੱਲੋਂ ਸਮੇਂ ਦੀ ਚੋਣ ਬੜੀ ਸਹੀ ਅਤੇ ਜ਼ਰੂਰ ਹੀ ਅੰਦਰਲੀ ਸੂਚਨਾ 'ਤੇ ਅਧਾਰਿਤ ਸੀ।

ਪੁਲੀਸ ਅਫਸਰ ਦੀ ਵਰਦੀ 'ਚ ਇਕ ਅਤਿਵਾਦੀ ਨੇ ਪੁਲੀਸ ਗਾਰਡ ਕੁਲਵੰਤ ਸਿੰਘ ਨੂੰ ਕਿਹਾ ਕਿ ਉਹ ਉਹਦੇ ਹਥਿਆਰ ਦੀ ਪਰਖ ਕਰਨੀ ਚਾਹੁੰਦਾ ਹੈ ਗਾਰਡ ਨੇ ਸਟੇਨ ਗਨ ਚੋਂ ਮੈਗਜ਼ੀਨ ਕੱਢ ਲਿਆ। ਅੱਖ ਦੇ ਫੇਰ 'ਚ ਹੀ ਤਿੰਨ ਦੂਜੇ ਅਤਿਵਾਦੀ ਜੀਪ 'ਚੋਂ ਬਾਹਰ ਆ ਗਏ ਅਤੇ ਕੰਧ 'ਤੇ ਚੜ੍ਹ ਕੇ ਗੋਲੀਆਂ ਦਾ ਮੀਂਹ ਵਰ੍ਹਾਉਣ ਲੱਗੇ।

PRAMOD PUSHKARNA



Diagram by B.K. SHARMA




ਪੁਲੀਸ ਮੁਖੀ ਰੇਬੀਰੋ ਅਨੁਸਾਰ, "ਮੈਂ ਫਾਇਰ ਦੀ ਪਹਿਲੀ ਆਵਾਜ਼ ਆਉਣ 'ਤੇ ਫੁੱਟਬਾਲ ਦੇ ਗੋਲਕੀਪਰ ਵਾਂਗ ਧਰਤੀ 'ਤੇ ਲੰਮਾ ਪੈ ਗਿਆ। ਉਨ੍ਹਾਂ ਸੋਚਿਆ ਕਿ ਮੈਂ ਮਰ ਗਿਆ ਹਾਂ, ਸਿਰਫ ਵਾਹਿਗੁਰੂ ਨੇ ਹੀ ਮੈਨੂੰ ਬਚਾਇਆ ਹੈ। ਰੱਬ ਮੇਰੇ 'ਤੇ ਜ਼ਰੂਰ ਹੀ ਖੁਸ਼ ਹੈ ਕਿ ਮੈਂ ਮਾਸੂਮ ਲੋਕਾਂ ਨੂੰ ਬਚਾਉਣ ਲਈ ਸੰਘਰਸ਼ ਕਰ ਰਿਹਾ ਹਾਂ।"

ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦਾ ਕਹਿਣਾ ਹੈ ਕਿ ਪੁਲੀਸ ਕੰਪਲੇਕਸ ਵਧੀਆ ਸੁਰੱਖਿਅਤ ਥਾਵਾਂ 'ਚੋਂ ਇਕ ਹੈ। ਪੁਲੀਸ ਮੁੱਖੀ 'ਤੇ ਹਮਲਾ ਸੁਰੱਖਿਆ ਪ੍ਰਬੰਧ ਵਿਚ ਗੰਭੀਰ ਊਣਤਾਈਆਂ ਦੀ ਨਿਸ਼ਾਨੀ ਹੈ। ਗਾਰਡ ਪੂਰੀ ਤਰ੍ਹਾਂ ਟਰੇਂਡ ਨਹੀਂ ਸਨ।



ਦਿੱਲੀ ਦੇ ਮੁਜ਼ਾਹਰੇ ਸਮੇਂ ਭੰਨ ਤੋੜ ਦੀਆਂ ਕਾਰਵਾਈਆਂ ਜਾਰੀ ਰਹੀਆਂ।

2222222222222222222222222222222222222222222222

- ਉਹ ਸ਼ਖ਼ਸ ਜ਼ਿਹਨੀ ਤੌਰ ਤੇ ਬਿਮਾਰ ਹਨ ਜੋ ਉਸ ਵੇਲੇ ਤਾਂ ਚੁੱਪ ਰਹਿੰਦੇ ਹਨ ਜਦੋਂ ਮੁਖਤਸਰ ਕੋਲ 16 ਹਿੰਦੂ ਮੁਸਾਫਰ ਬੱਸ ਵਿਚੋਂ ਕੱਢ ਕੇ ਮਾਰੇ ਜਾਂਦੇ ਹਨ, ਪਰ ਡੇਰਾ ਬਾਬਾ ਨਾਨਕ ਕੋਲ 10 ਸਿੱਖ ਨੌਜਵਾਨ ਝੂਠੇ ਪੁਲਸ ਮੁਕਾਬਲੇ ਵਿਚ ਮਾਰੇ ਜਾਣ ਤੇ ਕੋਠੇ ਚੜ੍ਹ ਕੇ ਰੌਲਾ ਪਾਂਦੇ ਹਨ।
- ਉਹ ਸ਼ਖ਼ਸ ਅਤੇ ਪੱਤਰਕਾਰ ਨੀਅਤ ਦੇ ਬੇਈਮਾਨ ਹਨ ਜੋ ਮੁਖਤਸਰ ਬਸ ਕਾਂਡ ਵੇਲੇ ਜ਼ਹਿਰੀਲਾ ਪਰਚਾਰ ਕਰਕੇ ਸਾਰੇ ਹਿੰਦੋਸਤਾਨ ਭਰ ਵਿਚ ਅੱਗ ਲਗਾਉਣ ਦੀ ਕੋਸ਼ਿਸ਼ ਕਰਦੇ ਹਨ ਪਰ ਦਸ ਨੌਜਵਾਨਾਂ ਦੇ ਨਜਾਇਜ਼ ਕਤਲ ਨੂੰ ਬੀ. ਐਸ. ਐਫ. ਦੀ ਸਾਧਾਰਨ ਡਿਊਟੀ ਆਖ ਕੇ ਅੱਖੋਂ ਪਰੋਖੇ ਕਰ ਦੇਂਦੇ ਹਨ।
- ਪੰਜਾਬ ਦੇ ਲੋਕ ਵਿਅਕਤੀਗਤ ਦਹਿਸ਼ਤਗਰਦਾਂ ਅਤੇ ਹਕੂਮਤੀ ਦਹਿਸ਼ਤਗਰਦਾਂ ਦੇ ਸ਼ਿਕਾਰ ਹੁੰਦੇ ਰਹਿਣਗੇ ਜਦੋਂ ਤੱਕ ਉਹ ਸਾਰੇ ਮਿਲ ਕੇ ਨਿਰਪੱਖ ਹੋ ਕੇ ਹਰ ਕਿਸਮ ਦੀ ਦਹਿਸ਼ਤਗਰਦੀ ਦੇ ਖਿਲਾਫ ਆਪਣੀ ਆਵਾਜ਼ ਉਚੀ ਨਹੀਂ ਕਰਦੇ।
- ਪੰਜਾਬ ਦਾ ਮਸਲਾ ਸਿਆਸੀ ਹਲ ਮੰਗਦਾ ਹੈ ਪਰ ਇਹਦਾ ਇਹ ਮਤਲਬ ਨਹੀਂ ਕਿ ਜਿੰਨਾ ਚਿਰ ਇਹ ਹਲ ਨਹੀਂ ਹੁੰਦਾ ਬੇਦੋਸ਼ੇ ਲੋਕਾਂ ਦੇ ਕਤਲ ਨੂੰ ਇਕ ਚੁਪ ਦਰਸ਼ਕ ਬਣ ਕੇ ਵੇਖਦੇ ਰਹੀਏ। ਹਰ ਉਹ ਜਥੇਬੰਦੀ ਜੋ ਨਿਰਪੱਖ ਹੋਕੇ ਹਰ ਕਿਸਮ ਦੇ ਜਬਰ ਵਿਰੁਧ ਆਵਾਜ਼ ਉਠਾਂਦੀ ਹੈ, ਸਾਡੇ ਸਹਿਯੋਗ ਦੀ ਹੱਕਦਾਰ ਹੈ। ਉਸਦੀਆਂ ਰੈਲੀਆਂ ਅਤੇ ਜਲੂਸਾਂ ਵਿਚ ਸ਼ਾਮਲ ਹੋ ਕੇ ਉਸਨੂੰ ਤਾਕਤ ਦੇਣਾ ਸਾਡਾ ਫਰਜ਼ ਹੈ।

—ਗੁਰਸ਼ਰਨ ਸਿੰਘ


ਵਾਜਬ ਕਿਰਾਏ ਚੰਗੇਰੀਆਂ ਸਹੂਲਤਾਂ ਲਈ
ਹਮੇਸ਼ਾਂ ਯਾਦ ਰੱਖੋ
ਬੈਂਸ ਟਰੈਵਲ ਸਰਵਿਸ



ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ਼੍ਰੀ ਲੰਕਾ, ਡਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ
ਘੱਟ ਤੋਂ ਘੱਟ ਕਿਰਾਏ
ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

BAINS TRAVEL SERVICE

6364 Fraser Street,
Vancouver, B.C.
Ph. 324-2277

935 Marine Drive
Capilano Mall,
N. Vancouver

1710 Douglas St.
Victoria, B.C.
Ph. 386-6363


'ਕੈਨੇਡਾ ਦਰਪਣ' ਦੇ
ਚੰਦੇ ਦਾ ਫ਼ਾਰਮ
SUBSCRIPTION FORM

To
The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..............................................
Address..............................................
City..............................................
Province..............................................
Postal code..............................................
PHONE.

| | |
|---|---|
| One Year .................. | 25 dollars |
| Two Year .................. | 45 dollars |
| Three year .................. | 65 dollars |
| Life membership.......... | 300 dollars |
| ASIA.......................... | 100 dollars[a year] |
| U.S.A. ...................... | 30 dollars [a year] |
| Europe ...................... | 100 dollars[a year] |
| Africa ...................... | 100 dollars [a year] |



# ਸਹੋਤਾ ਐਨ. ਡੀ. ਪੀ. ਦੀ ਟਿਕਟ 'ਤੇ ਚੁੰਣੇ ਗਏ

ਮੋਅ ਸਹੋਤਾ ਪਹਿਲੇ ਪੰਜਾਬੀ ਹਨ ਜੋ ਬੀ. ਸੀ. ਦੀ ਪਾਰਲੀਮੈਂਟ ਲਈ ਚੁਣੇ ਗਏ ਹਨ। ਉਨ੍ਹਾਂ ਨੇ ਐਨ. ਡੀ. ਪੀ. ਦੀ ਟਿਕਟ 'ਤੇ 'ਇਸਕੋਮਾਲਟ' ਹਲਕੇ ਤੋਂ ਚੋਣ ਲੜੀ ਅਤੇ ਭਾਰੀ ਬਹੁਗਿਣਤੀ ਨਾਲ ਜਿੱਤ ਪ੍ਰਾਪਤ ਕੀਤੀ। ਉਨ੍ਹਾਂ ਦੀ ਚੋਣ ਨਾਲ ਇਹ ਆਸ ਬੱਝਦੀ ਹੈ ਕਿ ਉਹ ਇੰਡੋ-ਕੈਨੇਡੀਅਨ ਕਮਿਊਨਿਟੀ ਦੀਆਂ ਮੁਸ਼ਕਲਾਂ ਸਰਕਾਰ ਦੇ ਕੰਨਾਂ ਤੱਕ ਪਹੁੰਚਾਉਣਗੇ। ਇਹਦਾ ਸਿਹਰਾ ਐਨ. ਡੀ. ਪੀ. ਪਾਰਟੀ ਨੂੰ ਜਾਂਦਾ ਹੈ, ਜਿਸ ਨੇ ਇਕ ਪੰਜਾਬੀ ਨੂੰ ਚੋਣ ਲੜਾ ਕੇ ਜਿਤਾਇਆ।

ਬੀ. ਸੀ. ਦੇ ਚੁਣੇ ਗਏ ਮੈਂਬਰਾਂ ਦਾ ਵੇਰਵਾ ਇਸ ਪ੍ਰਕਾਰ ਹੈ :—

ਪੋਰਟ ਅਲਬਰਨੀ — ਬੌਬ ਸਕੇਲੀ (ਐਨ. ਡੀ. ਪੀ.)
ਬੌਂਡਰੀ ਸਿਮਿਲਕਮੀਨ — ਜਿਮ ਹੇਵਟ (ਸੋਕਰਡ), ਇਵਾਨ ਮੇਸਮਰ (ਸੋਕਰਡ)
ਬਰਨਬੀ ਇਡਮੰਡ — ਡੇਵ ਮਰਸੀਰ (ਸੋਕਰਡ)
ਬਰਨਬੀ ਨੌਰਥ — ਬੈਰੀ ਜੋਨਜ (ਐਨ. ਡੀ. ਪੀ.)
ਬਰਨਬੀ ਵਿਲਿੰਗਡਨ — ਇਲਵੂਡ ਵੀਚ (ਸੋਕਰਡ)
ਕੈਰੀਬੂ — ਅਲੈਕਸ ਫਰੇਜਰ (ਸੋਕਰਡ), ਨੀਲ ਵਾਂਟ (ਸੋਕਰਡ)
ਸੈਂਟਰਲ ਫਰੇਜ਼ਰ ਵੈਲੀ — ਪੀਟਰ ਡਿਊਕ (ਸੋਕਰਡ), ਹੈਰੀ ਡਿਜੋਂਗ (ਸੋਕਰਡ)

ਚਿਲੀਵੈਕ — ਜੌਹਨ ਜੇਨਸਨ (ਸੋਕਰਡ)
ਕੋਲੰਬੀਆ ਰਿਵਰ — ਡੌਨ ਕਰੈਂਡਲ (ਸੋਕਰਡ)
ਕੋਮੌਕਸ — ਸਟੈਨ ਹੇਗਨ (ਸੋਕਰਡ)
ਕੋਕਿਟਲਮ ਮੂਡੀ — ਮਾਰਕ ਰੌਜ (ਐਨ. ਡੀ. ਪੀ.)
ਕੋਵੀਚਾਨ ਮਲਹਟ — ਗਰੇਹਮ ਬਰੂਸ (ਸੋਕਰਡ)
ਡੈਲਟਾ — ਜੌਹਨ ਸੈਵੇਜ (ਸੋਕਰਡ)
ਡਿਊਡਨੀ — ਔਸਟਨ ਪਿਲਟਨ (ਸੋਕਰਡ). ਨੌਰਮ ਜੇਕਬਸਨ (ਸੋਕਰਡ)
ਇਸਕੋਮਾਲਟ — ਮੋਅ ਸਹੋਤਾ (ਐਨ. ਡੀ. ਪੀ.)
ਕੈਮਲੂਪਸ — ਕਲਾਊਡ ਰਿਚਮੰਡ (ਸੋਕਰਡ), ਬੱਡ ਸਮਿਥ (ਸੋਕਰਡ)
ਕੂਟਨੀ — ਐਨ ਇਡਵਰਡਜ (ਐਨ. ਡੀ. ਪੀ.)
ਲੈਂਗਲੀ — ਕਰੋਲ ਗਰੇਨ (ਸੋਕਰਡ), ਡਾਨ ਪੀਟਰਸਨ (ਸੋਕਰਡ)
ਮਕੇਨਜ਼ੀ — ਹਰਲਡ ਲੌਂਗ (ਸੋਕਰਡ)
ਮੇਲਾਰਡਵਿਲ - ਕੋਕਿਟਲਮ — ਜੌਹਨ ਕੇਸ਼ਰ (ਐਨ. ਡੀ. ਪੀ.)
ਨਾਨਾਇਮੋਂ — ਡੇਵ ਸਟੂਪਿਚ (ਐਨ. ਡੀ.ਪੀ.). ਡੇਲ ਲੌਵਿਕ (ਐਨ. ਡੀ. ਪੀ.)

ਨੇਲਸਨ ਕਰੈਸਟੋਨ — ਹੋਵਰਡ ਡਿਰਕਸ (ਸੋਕਰਡ)
ਨਿਊ ਵੈਸਟ ਮਿਨਸਟਰ — ਅਨੀਤਾ ਹੈਗਨ (ਐਨ. ਡੀ. ਪੀ.)
ਨੌਰਥ ਆਈਲੈਂਡ — ਕੋਲਨ ਗੈਬਲਮਿਨ (ਐਨ. ਡੀ. ਪੀ.)
ਨੌਰਥ ਪੀਸ ਰਿਵਰ — ਟੋਨੀ ਬਰੂਮਟ (ਸੋਕਰਡ)
ਨੌਰਥ ਵੈਨਕੂਵਰ ਕੈਪਲਾਨੋ — ਐਂਗਸ ਰੀ (ਸੋਕਰਡ

ਬਾਕੀ ਪੰਨਾ 17 ਉੱਤੇ

ਪੰਨਾ 15 ਦੀ ਬਾਕੀ

? ਪੰਜਾਬ ਦੇ ਭੈੜੇ ਹਲਾਤਾਂ ਨੇ ਤੁਹਾਡੇ ਕਿੱਤੇ ਤੇ ਕਿਸ ਤਰ੍ਹਾਂ ਦਾ ਅਸਰ ਪਾਇਐ ?

—ਬਹੁਤ ਭੈੜਾ, ਸਾਡਾ ਤਾਂ ਸਬੰਧ ਈ ਇਕੱਠ ਨਾਲ ਐ ਤੇ ਇਕੱਠ ਵਿਚ ਡਰ ਰਹਿੰਦੈ, ਬਸ ਜਾਨ ਮੁੱਠ ਵਿਚ ਈ ਰਹਿੰਦੀ ਐ ਜੇ ਕਿਤੇ ਰਾਤ ਬਰਾਤੇ ਜਾਣਾ ਪਵੇ ਤਾਂ...!

? ਸਰਕਾਰ ਵਲੋਂ ਕੋਈ ਇਨਾਮ ਸਨਮਾਨ ਵੀ ਮਿਲਿਐ ?

—ਕਰੋ ਜੁਏ ਬਿਨਾਂ ਕੌਣ ਪੁਛਦੇ ਐ ਜੀ, ਚਲੋ ਆਪਣਾ ਸਨਮਾਨ ਤਾਂ ਸਰੋਤੇ ਈ ਨੇ। ਸਰਕਾਰ ਤਾਂ...'

ਅੱਧੀ ਗੱਲ ਅਣਕਹੀ ਛੱਡ ਕੇ ਸਰਵਜੀਤ ਦੀਆਂ ਅੱਖਾਂ ਇਕ ਵਾਰੀ ਇਉਂ ਡੁਬ-ਡੁਬਾਈਆਂ ਜਿਵੇਂ ਕਹਿ ਰਹੀਆਂ ਹੋਣ ਕਲਾਕਾਰਾਂ ਨੂੰ ਸ਼ਾਬਾਸ਼ ਦੇਣ ਦਾ ਏਨ੍ਹਾਂ ਸਰਕਾਰਾਂ ਕੋਲ ਵਕਤ ਕਿਥੇ ਐ ?

ਪੇਸ਼ਕਸ਼—ਬਲਦੇਵ ਧਾਲੀਵਾਲ

ਨਗਰੀ ਦੇ ਵਿਚ ਆਪੇ ਧਾਪੀ
ਸੋਧ ਕਿਸੇ ਨੂੰ ਮਿਲਦੀ ਨਾ
ਨਗਰੀ ਦੇ ਵਿਜੋਗੀ ਫਿਰਦਾ
ਫੜ ਕੇ ਕਾਸਾ ਜੰਗਲ ਦਾ।
ਸ਼ਹਿਰਾਂ ਦੇ ਗੁਲਜ਼ਾਰ ਵੀ ਯਾਰੋ
ਸੁਣਿਐਂ ਕਿਧਰੇ ਖਿੜਦੇ ਨੇ
ਅਸੀਂ ਤਾਂ ਜੇਹੜੇ ਪਾਸੇ ਜਾਈਏ
ਉਥੇ ਵਾਸਾ ਜੰਗਲ ਦਾ।


DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS

WE DO NEW HOME PLUMBING ALSO

*CONTACT:*

**PAUL'S**

***PLUMBING & ELECTRICAL SUPPLY***

4774 Main Street, (At 32nd.)
Vancouver, B.C.

PH: 872-3118 (Supply)
872-7227 (Service)

"Free customer parking at rear" OPEN SUNDAYS



Chevron

**Fine Automotive Ltd.**

15220-56th. Ave., Surrey, B.C. V3S 4N7

**Automotive Repairs & Services**

ਕਿਸੇ ਵੀ ਵੱਡੀ ਮੁਰੰਮਤ ਦੇ 10% off ਅਤੇ ਫਰੀ courtesy call

- ☐ Tune ups
- ☐ Brakes
- ☐ Shocks
- ☐ Lubrications
- ☐ Exhaust
- ☐ Gas
- ☐ Electrical Welding

Sarjit Hunjan Ph. 576-2014
Jolly Sanjose Service Manager



**BOMBAY SWEETS**

**& Restaurants**

6556 - 6560 MAIN ST. VANCOUVER

Ph. 321-1414
874-5722

For Largest Variety in Indian Sweets

*Delicious Indian food*

# ਕਿਸ ਬੂਹੇ ਫਰਿਆਦ ਕਰਾਂ?

ਹਰਭਜਨ ਸਿੰਘ ਹੁੰਦਲ

ਕਿਸ ਨੂੰ ਅੱਜ ਸੰਬੋਧਨ ਹੋਵਾਂ
ਕਿਸ ਨੂੰ ਦਰਦ ਸੁਣਾਵਾਂ ਮੈਂ ।
ਕਿਹੜੇ ਮੂੰਹ ਨਾਨਕ ਨੂੰ ਸੱਦਾਂ
ਵਾਰਸ ਕਿੰਝ ਬੁਲਾਵਾਂ ਮੈਂ ।

ਚਾਰੇ ਪਾਸੇ ਅੱਗ-ਵਰੋਲੇ
ਘੇਰਾ ਘੱਤੀ ਬੈਠੇ ਨੇ
ਕਿਸ ਦੇ ਹੱਥੀਂ ਭੇਜ ਸੁਨੇਹਾ
ਮੇਘਾਂ ਨੂੰ ਸਦਵਾਵਾਂ ਮੈਂ ।

ਕਿਸ ਨੇ ਬਾਲਣ ਕੱਠਾ ਕੀਤਾ
ਤੇ ਕਿਸ ਤੀਲੀ ਲਾਈ ਸੀ
ਉਨ੍ਹਾਂ ਕੋਲੋਂ ਖੈਰ ਅਮਨ ਦੀ,
ਕਿਸ ਮੂੰਹ ਮੰਗਣ ਜਾਵਾਂ ਮੈਂ ।

ਇਕ ਪਲ ਸਹਿਮੇ ਅੰਦਰ ਵੜਦਾਂ
ਇਕ ਪਲ ਬਾਹਰ ਨਿਕਲਦਾ ਹਾਂ
ਦੁਬਿਧਾ ਦੇ ਦੋ ਪੁੜਾਂ ਵਿਚਾਲੇ
ਪਿਸਦਾ, ਖੂੰਨ ਸੁਕਾਵਾਂ ਮੈਂ ।

ਥੋਹੜਾ ਬਹੁਤਾ ਆਪਾਂ ਸਾਰੇ
ਚੁੱਪ ਰਹਿਣ ਦੇ ਦੋਸ਼ੀ ਹਾਂ
ਸਭ ਤੋਂ ਪਹਿਲਾਂ ਆਪਣੇ ਮੱਥੇ
ਇਹ ਦੂਸ਼ਣ ਚਿਪਕਾਵਾਂ ਮੈਂ ।



ਭਗਤ ਸਿੰਘ ਦੇ ਮੱਥੇ ਤਿਊੜੀ
ਬੁੱਲ੍ਹੇ ਸ਼ਾਹ ਸ਼ਰਮਿੰਦਾ ਹੈ
ਘੂਰਦੀਆਂ ਅੱਖਾਂ ਵਿਚ ਅੱਖਾਂ
ਦੱਸੋ ਕੀਕਰ ਪਾਵਾਂ ਮੈਂ ।

ਕਿਸ ਹਾਕਮ ਨੂੰ ਦੁੱਖੜੇ ਦੱਸਾਂ
ਕਿਸ ਬੂਹੇ ਫਰਿਆਦ ਕਰਾਂ
ਕਿਹੜੇ ਵੈਦ ਨੂੰ ਘੱਲ ਸੁਨੇਹੜਾ
ਆਪਣੀ ਨਬਜ਼ ਵਿਖਾਵਾਂ ਮੈਂ ।

ਇਕ ਪਾਸੇ ਕਿਰਪਾਨਾਂ ਲਿਸ਼ਕਣ
ਦੂਜੇ ਪਾਸੇ ਤਿਰਸ਼ੂਲਾਂ
ਦੋਹਾਂ ਕੋਲੋਂ ਕਿਤ ਬਹਾਨੇ
ਨਿੱਕੀ ਜਿੰਦ ਬਚਾਵਾਂ ਮੈਂ ।

ਰੌਲੇ ਅੰਦਰ, ਸੁਰ ਗੀਤਾਂ ਦੇ
ਹੌਲੀ ਹੌਲੀ ਗੁੰਮ ਹੋਏ
ਕਿਸ ਮਮਟੀ ਦੇ ਉਤੇ ਚੜ੍ਹ ਕੇ
ਕੂਕਾਂ ਤੇ ਕੁਰਲਾਵਾਂ ਮੈਂ ।

ਕੀ ਗੀਤਾਂ ਨੇ ਅੱਗ ਬੁਝਾਉਣੀ
ਕੀ ਧਰਵਾਸਾ ਕਵਿਤਾ ਦਾ
ਸ਼ਬਦਾਂ ਨੂੰ ਹਥਿਆਰ ਬਣਾ ਕੇ
ਕਿਹੜਾ ਕਰਜ਼ ਚੁਕਾਵਾਂ ਮੈਂ ।

ਖ਼ੈਰ ਅਮਨ ਦੀ ਮੰਗਦਾ ਹੋਇਆ
ਘੋਰ ਉਦਾਸੀ ਲੈ ਮੁੜਿਆਂ
ਬਾਝ ਤੁਹਾਡੇ, ਮੇਰੇ ਲੋਕੋ!
ਕਿਹੜਾ ਦਰ ਖੜਕਾਵਾਂ ਮੈਂ ।

ਬਹਿ ਕੇ ਲਹੂ ਦੇ ਹੰਝੂ ਰੋਈਏ
ਨਿਰਦੋਸ਼ਾਂ ਦੀ ਹੱਤਿਆ 'ਤੇ
"ਏਤੀ ਮਾਰ ਪਈ, ਕੁਰਲਾਣੈ"
ਅੱਥਰੂ ਕਿੰਝ ਲੁਕਾਵਾਂ ਮੈਂ ।




ਕਰਤਾਰ ਫੋਟੋ ਸਟੂਡੀਓ
1 HOUR PHOTO SERVICE
KARTAR PHOTO STUDIO
4279 - Fraser St. (27th Ave.)
Vancouver, B.C.
We Do Passport, 5 Mins. Service,
Portrait Photos & Weddings
Off; 872-6060



Garrison Beatty & Godoy
Insurance Agencies Ltd.

ਕਾਰਾਂ, ਵੈਨਾਂ, ਟਰੱਕਾਂ ਜਾਂ ਹੋਰ ਹਰ ਤਰ੍ਹਾਂ ਦੀ
ਇਨਸ਼ੋਰੈਂਸ ਕਰਾਉਣ ਲਈ ਸਾਡੇ ਪਾਸ
ਦਰਸ਼ਨ ਦਿਓ

Diwali Greetings!



BALDEV SANGRA

5258 - Rumble St., South Burnaby, B.C. V5J 2B6
Ph. 437-0033

6653 - Victoria Dr., Vancouver, B.C. V5P 3Y2
Ph. 321-6557

ਦੀਵਾਲੀ ਸੇਲ

# AMBIKA

## 5125 Vict

## Vancouver,

**PHONE:**

| | | |
|---|---|---|
| **Palm Dairy Milk Homo**<br>ਦੁੱਧ<br>**3.39** 4 lit. | **Margrine**<br>ਮਾਰਜਰੀਨ<br>**49¢** lb. | **Evaporate**<br>ਈਵੈਪੋ<br>**6** |
| **Salted Butter**<br>ਲੂਣ ਵਾਲਾ ਬਟਰ<br>**2.48** lb. | **Sugar** with this coupon<br>ਖੰਡ<br>**4.99** 10 kg. | **Manh, Moo**<br>ਮਾਂਹ, ਮੂੰਗ<br>**3** |
| **Vegetable Oil**<br>ਵੈਜੀਟੇਬਲ ਤੇਲ<br>**11.99** 16 lit. | **Sun-Flower Oil**<br>ਸਨ-ਫਲਾਵਰ ਤੇਲ<br>**2.99** 3 lit. | **Fresh Veget**<br>ਫੀਜ਼ੀ ਤੋਂ ਤਾ |
| **Sun-Flower Oil**<br>ਸਨ-ਫਲਾਵਰ ਤੇਲ<br>**17.99** 16 lit. | **Vegetable Oil**<br>ਵੈਜੀਟੇਬਲ ਤੇਲ<br>**1.99** 3 lit. | **Fresh Gri**<br>**M**<br>**Haldi, Methe**<br>ਹਲਦੀ, ਮੇਥ<br>**9** |

ਤਾਜ਼ੀਆਂ ਹਰੀਆਂ ਸਬਜ਼ੀਆਂ, ਸਾਫ ਸੁਥਰੀਆਂ ਦਾਲਾਂ, ਹਰ ਤਰ੍ਹਾਂ ਦੀ ਭਾਰਤੀ ਗਰੌਸਰੀ, ਡੇਅਰੀ ਦਾ ਸਾਮਾਨ ਤੇ ਮੀਟ, ਮਸਾਲੇ ਆਦਿ ਖਰੀਦਣ ਲਈ ਅੰਬੀਕਾ ਫੂਡਜ਼ ਤੇ ਦਰਸ਼ਨ ਦਿਓ!

# FOODS

## ria Drive
## .C. Canada

27—0295

24 Oct. to Nov. 12, 1986

| | | |
|---|---|---|
| ilk Pacific<br>ਡ ਦੁੱਧ<br>¢ tin. | Nabob Tea<br>ਨਵਾਬ ਚਾਹਪੱਤੀ<br>3.77 (120 packt.) | Rotti Atta<br>ਰੋਟੀ ਆਟਾ<br>4.89 10 kg. |
| , Chana Dal<br>ਛੋਲਿਆਂ ਦੀ ਦਾਲ<br>¢ lb. | Black Chana<br>ਕਾਲੇ ਛੋਲੇ<br>29¢ lb. | Chicken Drumsticks<br>ਚਿਕਨ ਡਰੰਮਸਟਿਕ<br>99¢ lb. |
| le From Fiji<br>ਆਂ ਸਬਜ਼ੀਆਂ | Chicken Legs<br>ਮੁਰਗੇ ਦੀਆਂ ਲੱਤਾਂ<br>1.19 lb. | Mazola Corn Oil<br>ਮਜੌਲਾ ਮੱਕੀ ਦਾ ਤੇਲ<br>5.89 3 lit. |
| Your Own<br>ala<br>Mirch, Dhania<br>ਮਿਰਚ, ਧਨੀਆ<br>¢ lb. | Lamb chops<br>ਲੈਂਬ ਚੌਪ<br>1.29 lb. | with free Record for<br>$100<br>Grocery |

We reserve the right to limit the quantity or until last.

# ਮਿੱਤਰ ਪਿਆਰੇ ਨੂੰ

(ਇਕ ਅਸਲੀ ਸਿੱਖ ਦਾ ਬਿਆਨ)

**ਸੁਰਿੰਦਰ ਧੰਜਲ**

ਹੇ ਗੁਰੂ !
ਮੈਂ ਜਦੋਂ ਵੀ ਤੇਰੇ ਰੂਬਰੂ ਹੁੰਦਾ ਹਾਂ
ਸ਼ਮਸ਼ੀਰ ਦੇ ਦਸਤੇ ਨੂੰ ਚਾਅ ਜਿਹਾ ਚੜ੍ਹ ਜਾਂਦਾ ਹੈ
ਪਰ ਮੈਨੂੰ ਮਾਫ਼ ਕਰਨਾ ਗੁਰੂ !
ਮੈਂ ਉਨ੍ਹਾਂ ਤਲਵਾਰਾਂ ਲਈ ਢਾਲ ਨਹੀਂ ਬਣ ਸਕਿਆ
ਜੋ ਆਪਣੇ ਹੀ ਭਰਾਵਾਂ ਦਾ ਗਲਾ ਕੁਤਰ ਕੇ
ਮਿਆਨ ਦੇ ਮੱਥੇ ਦਾ ਕਲੰਕ ਬਣ ਗਈਆਂ

ਸੱਚ ਜਾਣੀਂ, ਮੇਰੇ ਕੋਲ ਕੁਝ ਵੀ ਨਹੀਂ
ਲਾਲਚੀ ਗੰਗੂ ਰਸੋਈਏ ਦੇ ਵਿਸਾਹਘਾਤ ਵਰਗਾ
ਕਿਲਾ ਛੁਡਾਉਣ ਦੀਆਂ ਝੂਠੀਆਂ ਕਸਮਾਂ ਵਰਗਾ
ਜਾਂ ਬੇਦਾਵਾ ਲਿਖਣ ਅਤੇ ਪੜਵਾਉਣ ਦੀ ਬੇਨਤੀ ਵਰਗਾ —
ਮੈਂ ਤਾਂ ਏਨਾ ਹੀ ਦੱਸਣਾ ਹੈ :
ਦੇਸ ਪਰਦੇਸ 'ਚ ਉੱਗੇ ਬਦਚਲਣ ਤੂਫ਼ਾਨ
ਮੁੜ ਸਰਸਾ 'ਚ ਡੋਬਣਾ ਚਾਹੁੰਦੇ ਨੇ ਤੇਰੇ ਗਰੰਥ —

ਕਹਿਣ ਨੂੰ ਤਾਂ ਉਹ ਵੀ ਤੇਰੇ ਹੀ ਹਨ :
ਜਿੰਨ੍ਹਾਂ ਨੂੰ ਤੇਰੇ ਤਖ਼ਤ 'ਚੋਂ ਕੁਝ ਵੀ ਨਹੀਂ ਪੋਹਿਆ
'ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ' ਦੇ
ਹੁਕਮਨਾਮੇ ਵਰਗਾ —
ਪੰਜਾਂ ਪਿਆਰਿਆਂ ਦੀ ਦਸਾਂ ਨਹੁੰਆਂ ਦੀ ਕਿਰਤ 'ਚੋਂ
ਜਿਹੜੇ ਅੱਜ ਵੀ ਜੱਟ, ਖੱਤਰੀ, ਨਾਈ, ਝਿਊਰ ਜਾਂ ਛੀਂਬਾ
ਸੁੰਘਦੇ ਫਿਰਦੇ ਹਨ —
'ਰੰਘਰੇਟੇ ਗੁਰ ਕੇ ਬੇਟੇ' ਨੂੰ
ਚੂਹੜਾ ਸਮਝਣ ਵਾਲੀ ਹਉਮੈਂ ਦੇ
ਨਰਕ ਕੁੰਡ ਵਿਚ ਸੜਦੇ ਹਨ —

ਕਹਿਣ ਨੂੰ ਤਾਂ ਉਹ ਵੀ ਤੇਰੇ ਹੀ ਹਨ :
ਜਿੰਨ੍ਹਾਂ ਨੇ ਅਨੰਦਪੁਰ ਦੇ ਮਤੇ
ਅਤੇ ਅਨੰਦਪੁਰ ਦੇ ਯੁੱਧ ਦਾ ਅੰਤਰ ਸਮਝਣ ਵਾਲਾ.
'ਬਚਿੱਤਰ ਨਾਟਕ' ਪੜ੍ਹਨ ਤੋਂ ਇਨਕਾਰ ਕਰ ਦਿੱਤਾ —
ਤੇਰੇ ਸੁੱਚੇ ਬੋਲਾਂ ਦੀਆਂ ਜੜਾਂ 'ਚ ਫਿਰਦੇ ਟੋਕੇ ਨੂੰ ਜਿਹੜੇ
ਜ਼ਫ਼ਰਨਾਮੇ ਦਾ ਵਾਰਸ ਸਮਝਣ ਦੀ ਭੁੱਲ ਕਰਦੇ ਰਹੇ —
ਜਿੰਨ੍ਹਾਂ ਦਾ ਯੁੱਧ
ਔਰੰਗਜ਼ੇਬ, ਪਹਾੜੀ ਰਾਜਿਆਂ ਅਤੇ ਮਸੰਦਾਂ ਦੀ ਥਾਂ
'ਹਿੱਟ ਲਿਸਟਾਂ' ਦੀਆਂ ਲਾਟਰੀਆਂ 'ਚ ਹੀ ਗੁਆਚਦਾ ਰਿਹਾ —

ਮੈਨੂੰ ਮਾਫ਼ ਕਰਨਾ ਗੁਰੂ !
ਆਦਿ ਗਰੰਥ ਦੇ ਇੱਕੋ ਨੂਰ ਤੋਂ ਵੱਖਰਾ
ਜਿਹੜੇ ਹੋਰ ਈ ਬੱਤੀਵਾਂ ਰਾਗ ਅਲਾਪਦੇ ਹਨ
ਮੈਂ ਉਨ੍ਹਾਂ ਨੂੰ ਤੇਰੇ ਸ਼ੇਰ ਅਤੇ ਆਪਣੇ ਭਰਾ
ਨਹੀਂ ਸਮਝ ਸਕਿਆ —
ਦੇਸ ਦੀ ਸਭ ਤੋਂ ਉਚੀ ਕੁਰਸੀ ਦਾ ਰਚਿਆ
ਤੇਰੇ ਇਤਿਹਾਸ ਨੂੰ ਮਿਥਿਹਾਸ 'ਚ ਬਦਲਣ ਦਾ
ਕੋਈ ਵੀ ਅਡੰਬਰ ਮੈਨੂੰ ਰਾਸ ਨਹੀਂ ਆਇਆ

ਹੇ ਗੁਰੂ !
ਉਨ੍ਹਾਂ ਚੰਦਰੀਆਂ ਘੜੀਆਂ ਨੂੰ
ਮੇਰੀਆਂ ਹੀ ਬਦਕਿਸਮਤ ਅੱਖਾਂ ਨੇ ਤੱਕਣਾ ਸੀ
ਜਦੋਂ ਚਾਂਦਨੀ ਚੌਂਕ ਦੇ ਜੱਲਾਦ
ਹਰਮੰਦਰ ਸਾਹਿਬ ਦੀ ਇੱਟ ਨਾਲ ਇੱਟ ਖੜਕਾਉਂਦੇ ਰਹੇ —
ਉਨ੍ਹਾਂ ਬੇਰਹਿਮ ਗੋਲਿਆਂ ਦੇ ਖੜਾਕ ਨੂੰ
ਮੇਰੇ ਹੀ ਬਦਕਿਸਮਤ ਕੰਨਾਂ ਨੇ ਸੁਣਨਾ ਸੀ
ਜੋ ਅਕਾਲ ਤਖ਼ਤ ਦਾ ਸੀਨਾ ਛਾਨਣੀ ਛਾਨਣੀ ਕਰਦੇ ਰਹੇ —
ਸ਼ਰਾਬ, ਬੀੜੀਆਂ, ਬਦਫੈਲੀਆਂ ਦੀ ਉਸ ਦੁਰਗੰਧ ਨੂੰ
ਮੇਰੇ ਹੀ ਬਦਕਿਸਮਤ ਨੱਕ ਨੇ ਸੁੰਘਣਾ ਸੀ
ਜੋ ਲਹੂ ਲੁਹਾਣ ਸਰੋਵਰ ਵਿਚ ਬੇਖ਼ੌਫ਼ ਤਾਰੀਆਂ ਲਾਉਂਦੀ ਰਹੀ —

ਇਨ੍ਹਾਂ ਅਡੰਬਰੀ ਘੜੀਆਂ ਦੇ ਘੰਟਾ ਘਰਾਂ ਨਾਲ
ਤਾਂ ਯੁੱਧ ਵਿਚ ਨਿੱਤਰਨਾ ਹੀ ਪੈਣਾ ਹੈ ਗੁਰੂ !

ਸੰਕਟ-ਕਾਲ ਦਾ ਕਾਲਾ ਇਤਿਹਾਸ ਗਵਾਹ ਹੈ
ਕਿ ਦਿੱਲੀ ਦੇ ਘੰਟਾ ਘਰ ਦੀਆਂ ਖਚਰੀਆਂ ਸੂਈਆਂ ਤੋਂ
ਵੱਖਰੀ ਹੈ ਮੇਰੀ ਤੋਰ, ਜਿਸਨੇ 'ਚੰਡੀ ਦੀ ਵਾਰ' ਨੂੰ
ਪਿੱਠ ਨਹੀਂ ਦਿਖਾਈ !

ਯੁੱਧ ਤਾਂ ਲੜਨਾ ਹੀ ਪੈਣਾ ਹੈ ਗੁਰੂ !
ਜੋ ਤੇਰੇ ਵਾਂਗ ਉੱਤਰ ਤੋਂ ਦੱਖਣ ਤੱਕ ਫੈਲ ਜਾਵੇ —
ਚੜ੍ਹਦੀ ਕਲਾ ਵਰਗੀ ਜਿਸਦੀ ਸੈਨਾ ਵਿਚ
ਪਗੜੀ, ਟੋਪੀ ਅਤੇ ਕੁੱਲੇ ਦੀ ਵਰਦੀ ਦਾ
ਕੋਈ ਅੰਤਰ ਨਾ ਰਹੇ —
ਜਿਸ ਵਿਚ ਲਛਮਣ ਦਾਸ ਉਰਫ਼ ਬੰਦਾ ਬਹਾਦੁਰ ਵੀ ਹੋਵੇਗਾ
ਚਮਕੌਰ ਦੇ ਯੁੱਧ ਵਾਲਾ ਭਾਈ ਸੰਗਤ ਸਿੰਘ ਵੀ —
ਜਿਸ ਵਿਚ ਭੰਗਾਣੀ ਦੇ ਯੁੱਧ ਵਾਲਾ ਪੀਰ ਬੁੱਧੂ ਸ਼ਾਹ ਵੀ ਹੋਵੇਗਾ
ਅਤੇ ਮਸ਼ਕ ਦਾ ਮਿੱਤਰ ਭਾਈ ਘਨੱਈਆ ਵੀ —
ਜਿਸ ਵਿਚ ਬੰਗਾਲ ਦਾ ਭਗਤ ਜੈਦੇਵ ਵੀ ਹੋਵੇਗਾ
ਅਤੇ ਮਹਾਂਰਾਸ਼ਟਰ ਦਾ ਤ੍ਰਿਲੋਚਨ ਵੀ —
ਜਿਸ ਵਿਚ ਉਤਰ ਪ੍ਰਦੇਸ਼ ਦਾ ਭਗਤ ਰਾਮਾਨੰਦ ਵੀ ਹੋਵੇਗਾ
ਅਤੇ ਰਾਜਪੂਤਾਨੇ ਦਾ ਧੰਨਾ ਵੀ —
ਆਖਰੀ ਯੁੱਧ ਵਰਗਾ, ਕੋਈ ਨਾ ਕੋਈ ਯੁੱਧ
ਤਾਂ ਲੜਨਾ ਹੀ ਪੈਣਾ ਹੈ ਗੁਰੂ !
ਕਬੀਰ ਦੀ ਖੱਡੀ ਅਤੇ ਨਾਮਦੇਵ ਦੇ ਕੁੜਤੇ ਵਰਗਾ
ਰਵਿਦਾਸ ਦੀ ਜੁੱਤੀ ਅਤੇ ਲਾਲੋ ਦੇ ਹਥੌੜੇ ਵਰਗਾ
ਮਰਦਾਨੇ ਦੀ ਰਬਾਬ ਅਤੇ ਭਾਈ ਗੁਰਦਾਸ ਦੀ ਕਲਮ ਵਰਗਾ
ਕਣਕ ਦੀਆਂ ਬੱਲੀਆਂ ਅਤੇ ਮੱਕੀ ਦੀਆਂ ਛੱਲੀਆਂ ਵਰਗਾ
ਮਾਂ ਦੀ ਲੋਰੀ ਦੇ ਸਦਾ-ਬਹਾਰ ਸੰਗੀਤ ਵਰਗਾ
ਸਜ ਵਿਆਹੀ ਮੁਟਿਆਰ ਦੀਆਂ ਸਦਾ ਸੁਹਾਗਣ ਚੂੜੀਆਂ ਵਰਗਾ

ਮੇਰੀ ਸ਼ਮਸ਼ੀਰ ਨੂੰ ਮੱਤ-ਪੱਤ ਬਖਸ਼ੀਂ ਗੁਰੂ !
ਕਿ ਸਿਰ ਦੀ ਟੋਪੀ ਨਹੀਂ, ਜ਼ੁਲਮ ਦਾ ਤਾਜ ਵੇਖਕੇ
ਰਣ ਵਿਚ ਜੂਝਦੀ ਸ਼ਹੀਦ ਹੋ ਜਾਵੇ ... ...




**COPE**
*working for* **Vancouver**

ELECTION CENTRE
108 EAST BROADWAY
VANCOUVER V5T 1V9
875-1261

**City Council**
Libby Davies
Bruce Eriksen
Frank Kennedy
Jean Swanson
Carole Walker
Dr. Pauline Weinstein
Bruce Yorke

**School Board**
Carmela Allevato
Chris Allnutt
John Church
Sue Dahlin
Bill Darnell
Sadie Kuehn
Gary Onstad
Phillip Rankin
Dr. Charles Ungerleider

**Park Board**
Joe Arnaud
Michael Chrunik
Connie Fogal
Sue Harris
Tim Louis
Michael O'Neill
Patricia Wilson





THE IMAGE BEGINS WITH L'IMAGE

SKIN CARE
Facials
Manicures
Pedicures
Waxing
Electrolysis
Make-Up
Ear Piercing
Body Treatments

ਵਾਲਾਂ ਦੀ ਸੰਭਾਲ
ਕੱਟਣਾ, ਸੁਕਾਉਣਾ
ਰੰਗ, ਪਰਮਜ਼, ਸ਼ੈਂਪੂ
ਤੇ ਸੈਟ ਕਰਨੇ

HAIR CARE
Cuts
Blow Drys
Colors
Perms
Shampoo & Sets

SUNTANNING & ACCESSORIES

L'IMAGE

7088 Kingsway, Burnaby, B.C. V5E 4E6
Telephone: 526-6644

ਸਰੋਜਨੀ ਸੁਆਮੀ —
ਚਮੜੀ ਸੰਭਾਲ ਦੀ ਸਪੈਸ਼ਲਿਸਟ

ਡੈਲਟਾ ਤੇ ਸਰੀ ਨਿਵਾਸੀਓ

ਦੀਵਾਲੀ ਮੁਬਾਰਕ!

# TRU FOODS

# ਟਰੂ ਫੂਡਜ਼

ਸਪੈਸ਼ਲ ਸੇਲ

No. 1. 10705 King George Hwy., Surrey, B.C. V3T 2X6

No. 2. 10053 - 136 A St., Surrey, B.C. V3T 4G1

ਸਪੈਸ਼ਲ ਸੇਲ

**Ph. 584-7011**

| | | | | |
|---|---|---|---|---|
| Vegetable Oil<br>ਵੈਜੀਟੇਬਲ ਤੇਲ<br>16 lit.<br>$12.49 | Vegetable Oil<br>ਵੈਜੀਟੇਬਲ ਤੇਲ<br>3 lit.<br>2.99 | Manh, Moong, Black Chana Peas Daal<br>4 lb. 1.99 | Sun Rype Blue Label Apple Juice<br>99¢ lit. | Laundry Soap In Bulk<br>75¢ lb. |
| Check Peas<br>ਚਿਟੇ ਛੋਲੇ<br>tin 89¢ | Pachranga Achar<br>ਅਸਲੀ<br>ਪਚਰੰਗਾ ਆਚਾਰ<br>tin 1.89 | Clean Dhania<br>ਸਾਫ ਧਨੀਆ<br>lb. 99¢ | 2 Lit. Pic-A-Pop<br>1.49 bot. | Fresh Bread and Buns on Special Price |
| Mazola Corn Oil<br>ਮਜ਼ੌਲਾ ਮੱਕੀ ਦਾ ਤੇਲ<br>3 lit. 5.99 | Pea Flour<br>ਮਟਰਾਂ ਦਾ ਆਟਾ<br>2 kg. 1.99 | Seven up & Peppsi<br>750 ml.<br>2 for 1.25 | Corn Oil St. Lawrance<br>3 lit. 5.75 | Atta On Special Price<br>ਆਟਾ ਸਪੈਸ਼ਲ ਕੀਮਤ 'ਤੇ |
| Chana Flour<br>ਛੋਲਿਆਂ ਦਾ ਆਟਾ<br>2 kg. 2.89 | Potatoes<br>ਆਲੂ<br>6.25 50 lb. | B.C. Sugar<br>ON Special Price | Nabob Tea<br>ਨਵਾਬ ਚਾਹਪੱਤੀ<br>120 pkt.<br>3.89 | ਬਾਕੀ ਸਟੋਰ ਵਿਚ<br>ਆ ਕੇ ਦੇਖੋ |
| | Onion ਗੰਢੇ<br>6.25 50 lb. | Tissue Paper<br>2.59 Box<br>500 sheet | ਲਾਲ ਮਸਰ<br>65¢ lb. | |

ਆਪ ਨੂੰ ਤਾਜ਼ਾ ਮੀਟ ਡੇਰੀ ਦਾ ਸਾਰਾ ਸਮਾਨ, ਹਰੀਆਂ ਸਬਜ਼ੀਆਂ, ਫਲ, ਮਠਿਆਈ ਅਤੇ ਪੰਜਾਬੀ ਅਤੇ ਹਿੰਦੀ ਦੀਆਂ ਫਿਲਮਾਂ ਦੇਖਣ ਨੂੰ ਮਿਲਦੀਆਂ ਹਨ। ਦਿਵਾਲੀ ਤੇ ਤਾਜ਼ਾ ਜਲੇਬੀਆਂ ਅਤੇ ਬਾਕੀ ਮਠਿਆਈ ਤੇ ਸਮੋਸੇ ਲੈਣਾ ਨਹੀਂ ਭੁੱਲਣਾ।

ਸਟੋਰ ਵਿਚ ਅਜੇ ਵੀ ਗਰੈਂਡ ਓਪਨਿੰਗ ਸੇਲ ਚਾਲੂ ਹੈ।

ਕਹਾਣੀ

# ਅੰਗ-ਸੰਗ

**ਵਰਿਆਮ ਸੰਧੂ**

ਅੱਜ ਭੋਗ ਪੈ ਗਿਆ ਸੀ। ਰਸਮ ਅਨੁਸਾਰ ਵੱਡੇ ਮੁੰਡੇ ਅਮਰੀਕ ਨੂੰ ਨਾਨਕੇ ਜ਼ਿੰਮੇਂਵਾਰੀ ਦੀ ਪੱਗ ਬੰਨ੍ਹਾ ਗਏ ਸਨ। ਇਸਦੇ ਨਾਲ ਹੀ ਉਸ ਨਿੱਕੇ ਜਿਹੇ ਅਦਨੇ ਆਦਮੀ ਦੇ ਨਿੱਕੇ ਜਿਹੇ ਇਤਿਹਾਸ ਦਾ ਅੰਤ ਹੋ ਗਿਆ ਸੀ; ਜਿਸ ਇਤਿਹਾਸ ਨੂੰ ਕਿਸੇ ਪੁਸਤਕ ਵਿਚ ਨਹੀਂ ਸੀ ਲਿਖਿਆ ਜਾਣਾ। ਪਰ ਜਿਸਦੇ ਕੀਤੇ ਛੋਟੇ ਵੱਡੇ ਕੰਮਾਂ ਨੇ ਉਸ ਛੋਟੇ ਜਿਹੇ ਪਰਿਵਾਰ ਦੇ ਜੀਵਨ ਉਪਰ ਵੱਖ ਵੱਖ ਰੂਪਾਂ ਵਿਚ ਅਸਰ-ਅੰਦਾਜ਼ ਹੋਣਾ ਸੀ।

ਸਾਰਾ ਪਰਿਵਾਰ ਹਨੇਰੀ ਰਾਤ ਵਿਚ ਬਾਹਰ ਆਪੋ ਆਪਣੀਆਂ ਮੰਜੀਆਂ ਤੇ ਲੇਟਿਆ ਹੋਇਆ ਸੀ। ਇਕ ਚੁੱਪ ਹਨੇਰੇ ਵਾਤਾਵਰਣ ਵਿਚ ਤਣੀ ਹੋਈ ਸੀ। ਉਹ ਜੋ ਜਾ ਚੁੱਕਾ ਸੀ, ਅਜੇ ਵੀ ਮੁਸਕਰਾਉਂਦਾ, ਹੱਸਦਾ, ਗੁੱਸੇ ਹੁੰਦਾ, ਰੋਂਦਾ, ਮੱਝਾਂ ਚੋਂਦਾ, ਪੱਠੇ ਕੁਤਰਦਾ, ਡੰਗਰ ਖੋਲ੍ਹਦਾ ਬੰਨ੍ਹਦਾ, ਉਨ੍ਹਾਂ ਨੂੰ ਪਾਣੀ ਪਿਆਉਂਦਾ, ਹਲ ਵਾਹੁੰਦਾ, ਜੀਆਂ ਨੂੰ ਵਰਚਾਉਂਦਾ, ਮਾਰਦਾ ਕੁੱਟਦਾ, ਵੱਖ ਵੱਖ ਰੂਪਾਂ ਵਿਚ ਸਾਰੇ ਜੀਆਂ ਦੇ ਮਨ ਅੰਦਰ ਚੱਲਦੀ ਫਿਲਮ ਵਾਂਗ ਚਿਹਰੇ ਬਦਲ ਰਿਹਾ ਸੀ। ਉਹ ਚੁੱਪ ਬੁੱਲ੍ਹਾਂ ਨਾਲ, ਉਸ ਨਾਲ ਕੀਤੀਆਂ ਗੱਲਾਂ, ਦੁਹਰਾ ਰਹੇ ਸਨ। ਉਹਨਾਂ ਨੂੰ ਲੱਗਦਾ ਸੀ ਜਿਵੇਂ ਉਹ ਗਿਆ ਨਹੀਂ, ਉਹਨਾਂ ਦੇ ਅੰਗ-ਸੰਗ ਸੀ। ਇਸੇ ਘਰ ਵਿਚ ਸੀ। ਉਨ੍ਹਾਂ ਦੇ ਕੋਲ ਹੀ ਪਰ੍ਹੇ ਡੰਗਰਾਂ ਅੱਗੇ ਸੁੱਤਾ ਹੋਇਆ। ਸ਼ਰਾਬ ਵਿਚ ਗੁੱਟ

ਲਾਲ ਕਿਲੇ ਤੋਂ ਲੈ ਕੇ 'ਵਾਈਟ ਹਾਊਸ' ਤਕ
ਡੂੰਘੀ ਹੈ

ਬਾਬਾ ਆਮਟੇ
ਤੇਰੇ ਅਮਨਾਂ ਦੇ ਸੁਨੇਹੇ ਨੂੰ ਸਲਾਮ
ਮੈਂ ਤੇਰੇ ਮਨੁੱਖਤਾ ਦੀ ਖੈਰ ਮੰਗਦੇ ਬੋਲਾਂ ਨੂੰ ਚੁੰਮਦਾ
ਹਾਂ
ਪਰ ਤੂੰ ਕਦੀ 'ਕੱਲ੍ਹਾ ਬਹਿ ਕੇ ਸੋਚ ਵਿਚਾਰ ਕਰੀਂ
ਕਿ ਪੰਜਾਬ ਦੇ ਜੱਟਾਂ ਨੇ ਪੈਲੀਆਂ 'ਚ ਕਣਕ ਬੀਜੀ
ਸੀ
ਇਹ ਬਾਰੂਦ ਕਿੱਥੋਂ ਉਗ ਆਇਆ ???


Non-smokers pay less for insurance.



Mohindar Singh Gill

MOHINDAR SINGH GILL
B. Comm., M.B.A.,C.G.A.
Life Underwriter

Suite 1206,
4330 Kingsway,
Burnaby, B.C.

Ph. Off. 430-0455
Ph. Res. 433-1684

SunLife OF CANADA

Get your life in shape.

United Realty Ltd.
3879 Oak Street, Vancouver, B.C. V6H 2M6



Malkit Dhami,
M.A. (Eco.)
Member of Prestigious M.L.S.
Medallion Club For 83-84-85-86

■ BUYING
■ SELLING

Free Evaluation For Your
Property Call Any Time
Without Any Obligation

Bus. 736-3831 or Res. 434-8548
Pager - 687-1985 #2229

# ਗੁਰਸਿੱਖੀ ਤੇ ਰਹਿਤ ਮਰਯਾਦਾ

**ਮੇਹਰ ਸਿੰਘ ਸੰਧੂ**

ਸ਼ਰਾ ਵਾਲਿਆਂ ਦੇ ਵੱਡੇ ਦਰਵਾਜ਼ੇ
ਤੇ ਰੱਬ ਦੀ ਨਿੱਕੀ ਮੋਰੀ ।
ਪੰਡਿਤ ਮੁਲਾਂ ਲੰਘਣ ਨਾ ਦੇਂਦੇ,
ਜੋ ਲੰਘਿਆ ਸੋ ਚੋਰੀਂ ।

ਕੁੱਤੇ ਸ਼ਰਾ ਦੇ ਲਗਦੇ ਜਿਦੇ ਪਿੱਛੇ,
ਵਾਂਗ ਹਲਕਿਆਂ ਪਕੜ ਕੇ ਪਾੜਿਆ ਜੀ ।
ਪਾਇਆ ਵੈਰ ਹਿੰਦੂਆਂ ਮੁਸਲਮਾਨਾਂ,
ਸਾਡੇ ਮੁਲਕ ਨੂੰ ਸ਼ਰਾ ਉਜਾੜਿਆ ਜੀ । (ਕਾਲੀ ਦਾਸ)

ਗੁਰਸਿਖ ਦੀ ਰਹਿਤ ਨਾਮ ਜਪਣਾ ਤੇ ਨਿਰਮਲ ਕਰਮ ਹੈ। ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਹ ਮੁਢਲੀ ਸਿਖਿਆ ਹੈ। ਨਾਮ ਦੀ ਕਮਾਈ ਵਿਚ ਹੀ ਸਾਰੀ ਸ਼ਰਾ ਸ਼ਰੀਅਤ, ਰਹਿਤ ਮਰਯਾਦਾ ਆ ਜਾਂਦਾ ਹੈ। ਕਿਸੇ ਬਾਹਰਲੀ ਰਹਿਤ ਨੂੰ ਧੁਰ ਕੀ ਬਾਣੀ ਤੋਂ ਤਰਜੀਹ ਦੇਣੀ ਗੁਰੂ ਤੋਂ ਬੇਮੁਖ ਹੋ ਕੇ ਆਪਣਾ ਨਵਾਂ ਤੇ ਵਖਰਾ ਪੰਥ ਚਲਾਉਣਾ ਹੈ ।

ਗੁਰਬਾਣੀ ਗੁਰੂ ਰੂਪ ਸਤਿ ਹੈ, ਜੁਗੋ ਜੁਗ ਅਟੱਲ ਹੈ, ਨਿਹਚਲ ਹੈ, ਅਸਥਿਰ ਹੈ । ਪ੍ਰੰਤੂ ਕਿਸੇ ਵੀ ਰਹਿਤ ਮਰਯਾਦਾ, ਸ਼ਰ੍ਹਾ ਸ਼ਰੀਅਤ ਨੂੰ ਭਾਵੇਂ ਉਹ ਕਿੰਨੀ ਵੀ ਜ਼ਰੂਰੀ ਕਿਉਂ ਨਾ ਕਹੀ ਗਈ ਹੋਵੇ, ਗੁਰਬਾਣੀ ਦਾ ਰੁਤਬਾ ਨਹੀਂ । ਕੋਈ ਜ਼ਰੂਰੀ ਤੋਂ ਜ਼ਰੂਰੀ ਤੇ ਲਾਜ਼ਮੀ ਤੋਂ ਲਾਜ਼ਮੀ ਰਹਿਤ ਮਰਯਾਦਾ ਵੀ ਆਪਣੇ ਆਪ ਵਿਚ, ਪ੍ਰਭੂ ਦੇ ਦਰ ਤੱਕ ਪੁਚਾਉਣ ਤੋਂ ਅਸਮਰਥ ਹੈ। ਕਿਸੇ ਜਾਤ, ਵਰਨ, ਮਜ਼ਹਬ, ਸ਼ਰ੍ਹਾ ਸ਼ਰੀਅਤ, ਰਹਿਤ ਮਰਯਾਦਾ ਦੀ ਪਰਲੋਕ ਵਿਚ ਪੁੱਛ ਨਹੀਂ ।

ਗੁਰਸਿਖ ਨੂੰ ਇਕੋ ਵੱਡਾ ਹੁਕਮ ਹੈ —
ਪ੍ਰੇਮ ਭਾਵਨਾ ਨਾਲ ਪ੍ਰਭੂ ਸਿਮਰਨ ਤੇ ਉਸ ਦੀ ਹਾਜਰੀ ਦਾ ਜੀਵਨ ਬਿਤਾਉਣਾ।

ਸਿਖ ਦਾ ਜਨਮ ਮਨੋਰਥ, ਜੋ ਗੁਰੂ ਨੇ ਉਪਦੇਸ਼ਿਆ ਹੈ, ਕੇਵਲ ਪਰਮਾਤਮਾ ਦਾ ਮਿਲਾਪ ਹੈ । ਕੋਈ ਰਹਿਤ, ਕੋਈ ਮਰਯਾਦਾ, ਕੋਈ ਸ਼ਰ੍ਹਾ ਸ਼ਰੀਅਤ, ਕੋਈ ਕਰਮ, ਕੋਈ ਰਹੁ ਰੀਤੀ ਜੋ ਸ੍ਰੀ ਗੁਰੂ ਗਰੰਥ ਸਾਹਿਬ ਦੀ ਸਿਖਿਆ ਦੇ ਅਨੁਕੂਲ ਹੈ ਅਤੇ ਜੋ ਆਤਮਕ ਉਨਤੀ ਲਈ ਲਾਭਦਾਇਕ ਹੈ, ਪ੍ਰਵਾਨ ਹੈ, ਪ੍ਰੰਤੂ ਕੋਈ ਰਹਿਤ ਮਰਯਾਦਾ ਜੋ ਗੁਰਬਾਣੀ ਅਨੁਸਾਰ ਨਹੀਂ ਤੇ ਜਿਸਦਾ ਮੁਖ ਆਸ਼ਾ ਪ੍ਰਭੂ ਪ੍ਰੇਮ ਨਹੀਂ, ਫੋਕਟ ਵਾਧੂ ਕਰਮ ਹੈ ਤੇ ਉਸਦਾ ਰਦ ਕਰਨਾ ਹੀ ਗੁਰਮਤ ਹੈ। ਲੋੜ ਵਧਦੀਆਂ ਰਹਿਤ ਮਰਯਾਦਾਂ ਨੂੰ ਗੁਰਬਾਣੀ ਦੀ ਕਸਵੱਟੀ ਉਤੇ ਪਰਖਣ ਦੀ ਹੈ ।

ਕਿਸੇ ਦਾ ਪਾਰ ਉਤਾਰਾ ਸਿਰਫ ਇਸ ਕਰਕੇ ਨਹੀਂ ਹੋਣਾ ਕਿ ਉਸਨੇ ਬਾਹਰਲੀਆਂ ਖਾਲਸਈ ਰਹਿਤ ਮਰਯਾਦਾਂ ਕੀਤੀਆਂ, ਜਾਂ ਹਿੰਦੂ ਮਤ ਦੀਆਂ ਰਹੁ ਰੀਤੀਆਂ ਦਾ ਪਾਲਣ ਕਰਦਾ ਰਿਹਾ, ਜਾਂ ਮੁਸਲਮਾਨੀ ਸ਼ਰਾ ਸ਼ਰੀਅਤ ਦਾ ਪਾਬੰਦ ਰਿਹਾ। ਕੋਈ ਵਲੀ, ਪੀਰ, ਗੁਰੂ, ਅਵਤਾਰ, ਨਬੀ ਕਿਸੇ ਦੇ ਮੰਦੇ ਕੰਮਾਂ ਦੀ ਹਾਮੀ ਭਰ ਸਕਦਾ ?

ਗੁਰ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ । (141)

ਸੋ ਸਚਾਈ ਇਹ ਹੈ ਕਿ —

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ । (62)
ਸੇ ਛੁਟੇ ਸਚੁ ਕਾਰ ਕਮਾਈ । (1024)
ਕਰਣੀ ਬਾਝਹੁ ਭਿਸਤਿ ਨ ਪਾਇ । (952)
ਕਰਣੀ ਬਾਝਹੁ ਤਰੈ ਨ ਕੋਇ । (952)
ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ,
ਦਰਗਹ ਆਏ ਕੰਮਿ । (1383)

ਗੁਰਸਿੱਖੀ ਖਾਲੀ ਬਾਹਰਲੇ ਵੇਸਾਂ, ਪਹਿਰਾਵਿਆਂ, ਚਿੰਨ੍ਹਾਂ ਤੇ ਬਾਹਰਲੇ ਕਰਮਾਂ ਆਦਿ ਨੂੰ ਪ੍ਰਵਾਨ ਨਹੀਂ ਕਰਦੀ —

ਭੇਖੀ ਅਗਿਨ ਨ ਬੁਝਈ ਚਿੰਤਾ ਹੈ ਮਨ ਮਾਹਿ
ਵਰਮੀ ਮਾਰੀ ਸਾਪ ਨ ਮਰੈ
ਤਿਓ ਨਿਗੁਰੇ ਕਰਮ ਕਮਾਇ (ਵਾਰ ਵਡਹੰਸ)
ਗਜ਼ ਸਾਢੇ ਤੈ ਤੈ ਧੋਤੀਆਂ ਤਿਹਰੇ ਪਾਇਨ ਤੱਗ ।
ਗਲੀਂ ਜਿਨਾਂ ਜਪ ਮਾਲੀਆਂ, ਲੋਟੇ ਹਥਿ ਨਿਬਗ ।
ਓਇ ਹਰਿ ਕੇ ਸੰਤ ਨ ਆਖੀਏ ਬਾਨਾਰਸ ਕੇ ਠੱਗ ।

ਰਹਤ ਅਵਰ ਕਛੁ ਆਵਰ ਕਮਾਵਤ,
ਮਨਿ ਨਹੀਂ ਪ੍ਰੀਤਿ ਮੁਖਹੁ ਗੰਢਲਾਵਤ ।
ਜਾਨਨਹਾਰ ਪ੍ਰਭੁ ਪਰਬੀਨ,
ਬਾਹਿਰ ਭੇਖ ਨ ਕਾਹੂ ਭੀਨ ।
ਅਵਰ ਉਪਦੇਸੈ ਆਪਿ ਨ ਕਰੈ,
ਆਵਤ ਜਾਵਤ ਜਨਮੈ ਮਰੈ ।
ਬਗਾ ਬਗੇ ਕੱਪੜੇ ਤੀਰਥ ਮੰਝਿ ਵਸੰਨਿ ।
ਘੁਟਿ ਘੁਟਿ ਜੀਆ ਖਾਵਣੇ,
ਬਗੇ ਨ ਕਹੀ ਅਨਿ । (ਸੂਹੀ ਮ: 1)

ਇਸ ਗੱਲ ਨੂੰ ਤਾਂ ਹਰ ਕੋਈ ਜਾਣਦਾ ਹੈ ਕਿ ਤੀਰਥਾਂ ਉਤੇ ਪਾਂਡੇ ਅਥਵਾ ਬਾਹਮਣ ਹੀ ਰਹਿੰਦੇ ਹਨ ਭਾਵੇਂ ਉਹ ਰਿੱਝਾ ਹੋਇਆ ਮਾਸ ਤਾਂ ਘੱਟ ਖਾਂਦੇ ਹੋਣਗੇ ਪਰ ਗਰੀਬ ਯਾਤਰੂਆਂ ਦਾ "ਲਹੂ" ਜ਼ਰੂਰ ਪੀਂਦੇ ਹਨ ।

ਪੂਜਾ ਤਿਲਕ ਕਰਤ ਇਸ਼ਨਾਨਾ ।
ਛੁਰੀ ਕਾਢਿ ਲੇਵੈ ਹਥਿ ਦਾਨਾ ।
ਬੇਦੁ ਪੜੈ ਮੁਖਿ ਮੀਠੀ ਬਾਣੀ ।
ਜੀਆ ਕੁਹਤ ਨ ਸੰਗੈ ਪ੍ਰਾਣੀ । (ਗਉੜੀ ਮ: 5)

ਬੜਾ ਦਾਨਾ ਹੈ ਕਿਸੇ ਦੀ ਗੰਢ ਨਹੀਂ ਕੱਪਦਾ ਉਂਝ ਢੰਗ ਨਾਲ ਦੁਨੀਆਂ ਨੂੰ ਦਾਨ ਆਖ ਕੇ ਲੁਟਦਾ ਹੈ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਫਰਮਾਨ ਹੈ —

ਮੋਨ ਭਜੇ ਨਹੀਂ ਮਾਨ ਤਜੇ ਨਹੀਂ,
ਭੇਖ ਸਜੇ ਨਹੀਂ ਮੂੰਡ ਮੰਡਾਏ ।
ਕੰਠ ਨਾ ਕੰਠੀ ਕਠੋਰ ਧਰੇ ਨਹੀਂ,
ਸੀਸ ਜਟਾਨ ਕੇ ਜੂਟ ਸੁਹਾਏ ।
ਸਾਚ ਕਹੋ ਸੁਨਿ ਲੈ ਚਿਤਿ ਦੈ,
ਬਿਨ ਦੀਨ ਦਇਆਲ ਕੀ ਸਾਮ ਸਿਧਾਏ ।
ਪ੍ਰੀਤ ਕਰੇ ਪ੍ਰਭੁ ਪਾਯਤ ਹੈ,
ਕਿਰਪਾਲ ਨਾ ਭੀਜਤ ਲਾਂਡ ਕਟਾਏ ।

ਗੁਰੂ ਨਾਨਕ ਦੇਵ ਜੀ ਨੇ ਉਚੀ ਆਵਾਜ਼ ਨਾਲ ਪੁਕਾਰ ਕੇ ਕਿਹਾ —

ਨ ਹਮ ਹਿੰਦੂ ਨਾ ਮੁਸਲਮਾਣ ।

ਇਹ ਕਿਸੇ ਨਵੇਂ ਮਜ਼ਹਬ ਦਾ ਐਲਾਨ ਨਹੀਂ ਸੀ । ਗੁਰੂ ਜੀ, ਹਿੰਦ ਦੀਆਂ ਦੋਹਾਂ ਵੱਡੀਆਂ ਕੌਮਾਂ ਦੇ ਕਰਮ ਕਾਂਡ ਤੇ ਸ਼ਰਾ ਸ਼ਰੀਅਤ ਦਾ ਖੰਡਨ ਕਰ ਕੇ ਸਤਿ ਨੂੰ ਅਸਤਿ ਤੋਂ ਵੱਖਰਾ ਕਰਕੇ, ਅਸਲੀਅਤ ਨੂੰ ਸਮਝਣ ਦੀ ਸਿਖਿਆ ਦੇਂਦੇ ਹਨ।

ਬਾਬਾ ਜੀ, ਹਿੰਦੂ, ਮੁਸਲਮਾਨਾਂ ਦੀ ਸ਼ਰੀਅਤ ਤੇ ਰਹੁ ਰੀਤੀਆਂ ਨੂੰ ਫੋਕਟ ਕਰਮ ਕਹ ਕੇ ਉਨ੍ਹਾਂ ਦੀ ਥਾਂ ਆਪਣੀ ਵੱਖਰੀ ਰਹਿਤ ਮਰਿਯਾਦਾ ਕਾਇਮ ਕਰਨਾ ਨਹੀਂ ਸਨ ਚਾਹੁੰਦੇ। ਸਾਨੂੰ ਪੰਜ ਕਕਾਰ ਤੇ ਹੋਰ ਰਹੁ ਰੀਤੀਆਂ ਸਬੰਧੀ, ਮਹਾਰਾਜ ਦੇ ਫੁਰਮਾਨਾਂ ਨੂੰ ਧਿਆਨ ਨਾਲ ਪੜ੍ਹਨ ਤੇ ਸ਼ੁਧ ਭਾਵਨਾ ਨਾਲ ਵਿਚਾਰਨ ਦੀ ਲੋੜ ਹੈ ।

ਜੇ ਗੁਰਸਿੱਖੀ ਵਿਚ ਹਿੰਦੂਆਂ ਮੁਸਲਮਾਨਾਂ ਆਦਿ ਨਾਲੋਂ ਕੋਈ ਵੱਖਰਾ, ਨਿਰਾਲਾ ਪਨ ਹੈ ਤੇ ਉਹ ਕਿਸੇ ਵੀ ਫੋਕਟ, ਦਿਖਾਵੇ ਦੀ ਰਹੁ ਰੀਤੀ, ਕਰਮ ਕਾਂਡ, ਰਹਿਤ ਮਰਯਾਦਾ ਦਾ ਨਾ ਹੋਣਾ ਹੈ ।

ਕੀ ਸਾਡਾ ਆਚਾਰ, ਵਿਹਾਰ ਉਨ੍ਹਾਂ ਗੁਰੂ ਮਹਾਰਾਜ ਦੇ ਸਾਜੇ ਨਿਵਾਜੇ ਸਿੰਘ ਵਰਗਾ ਹੈ, ਜਿਨ੍ਹਾਂ ਦੇ ਵੇਸ ਦੀ ਅਸੀਂ ਨਕਲ ਕਰਦੇ ਹਾਂ ?

ਕੀ ਸਾਡੇ ਧਾਰਮਿਕ ਚਿੰਨ੍ਹ, ਅੰਤ੍ਰੀਵ ਜੀਵਨ ਦੇ ਲਖਾਇਕ ਜਾਂ ਪ੍ਰਗਟਾਉ ਹਨ ?

ਕੀ ਸਾਡੀ ਅੰਦਰਲੀ ਮਾਨਸਕ ਭਾਵਨਾ, ਧਾਰਮਿਕ ਜਜ਼ਬਿਆਂ ਦਾ ਦ੍ਰਿਸ਼ਟੀਮਾਨ ਰੂਪ ਹੈ ? ਪੰਜਾਬ ਦੀਆਂ ਜੇਲ੍ਹਾਂ ਵਿਚ ਪਗਾਂ ਦੀ ਗਿਣਤੀ, ਪੰਥਕ ਸਮਾਚਾਰ, ਧਾਰਮਿਕ ਤੇ ਰਾਜਸੀ ਆਗੂਆਂ ਦੀਆਂ ਕਰਨੀਆਂ ਤਾਂ ਕਿਸੇ ਉਚੇ ਸੁੱਚੇ ਆਤਮਕ ਜੀਵਨ ਦਾ ਪ੍ਰਮਾਣ ਨਹੀਂ ।

ਗੁਰੂ ਨਾਨਕ ਨੇ ਕੇਵਲ ਸੇਧਾਂ ਪਾਈਆਂ ਤੇ ਪਰਮਾਤਮਾ ਦੇ ਰਸਤੇ ਚਲਣ ਲਈ ਬੁਨਿਆਦਾਂ ਅਸੂਲਾਂ ਦੀ ਸਿਖਿਆ ਦਿਤੀ ।

ਗੁਰਬਾਣੀ ਦਾ ਪਾਠ, ਕੀਰਤਨ ਕਰਨਾ ਸੇਧ ਹੈ, ਪਰ ਕਿਹੜੇ ਵੇਲੇ, ਕਿਹੜੀ ਬਾਣੀ ਪੜ੍ਹਨੀ ਹੈ ਜਾਂ ਵੱਖ ਵੱਖ ਸੰਸਕਾਰਾਂ ਲਈ ਸ਼ਬਦ ਨੀਯਤ ਕਰਨੇ, ਰੀਤ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਰਨਾ ਸੇਧ ਹੈ, ਪਰ ਥੱਲੇ ਬੈਠਣਾ, ਚੰਦੋਆ ਲਗਾਣਾ, ਚੌਰ ਕਰਨੇ, ਧੂਪ ਬੱਤੀ ਆਦਿ ਰੀਤ ਹੈ ।

ਕਰਤੇ ਦਾ ਸਿਮਰਨ ਕਰਨਾ ਸੇਧ ਹੈ, ਪਰ ਸਿਰਫ ਵਾਹਿਗੁਰੂ ਵਾਹਿਗੁਰੂ ਨਾਮ ਦਾ ਮੁਖੋਂ ਜਾਪ, ਰੀਤ ਹੈ ।

ਪ੍ਰਸ਼ਾਦਿ ਚੜ੍ਹਾਉਣਾ ਸੇਧ ਹੈ, ਪਰ ਕੇਵਲ ਕੜਾਹ-ਪ੍ਰਸ਼ਾਦਿ ਤੇ ਉਹ ਵੀ ਜਿਸ ਵਿਚ ਖੰਡ ਘੀ ਆਟਾ ਬਰਾਬਰ ਹੋਣ, ਰੀਤ ਹੈ ।

ਸਿਰਫ ਕੜਾਹ ਪ੍ਰਸ਼ਾਦ ਦੇ ਹੋਣ ਤੇ ਹੀ ਅਨੰਦ ਸਾਹਿਬ ਦਾ ਪਾਠ ਕਰਨਾ, ਅਰਦਾਸ ਵਿਚ ਕੜਾਹ ਪ੍ਰਸ਼ਾਦ ਦਾ ਨਾਂ ਆਉਣ ਤੇ ਕਿਰਪਾਨ ਭੇਟ ਕਰਨੀ ਆਦਿ ਰੀਤ ਹੈ ।

ਅਰਦਾਸ ਕਰਨੀ ਸੇਧ ਹੈ ਪਰ ਖੜੇ ਹੋ ਕੇ ਹੀ ਕਰਨੀ ਤੇ ਕੰਠ ਕੀਤੇ ਸ਼ਬਦ ਹੀ ਮੌਕੇ ਲਈ ਮਿਥੀ ਅਰਦਾਸ ਸਮੇਂ ਪੜ੍ਹਨੇ ਜਾਂ ਬੋਲਣੇ — ਰੀਤ ਹੈ ।

## ਮੁਹੱਬਤਨਾਮੇ

ਪਿਆਰੇ ਵੀਰ ਦਰਸ਼ਨ ਸਿੰਘ ਜੀ,

ਸਤਿ ਸ੍ਰੀ ਅਕਾਲ । ਆਪ ਜੀ ਦਾ ਪੇਪਰ ਪਿਛਲੇ ਦੋ ਸਾਲ ਤੋਂ ਪੜ੍ਹ ਰਿਹਾ ਤੇ ਅਨੰਦ ਮਾਣ ਰਹੇ ਹਾਂ । ਅਸੀਂ ਸਭ ਪੇਪਰ ਛੱਡ ਕੇ ਆਪ ਦੇ ਪੇਪਰ ਨਾਲ ਜੁੜ ਗਏ ਹਾਂ । ਆਪ ਜੀ ਕੌਮ ਦੀ ਸੇਵਾ ਬਹੁਤ ਵਧ ਚੜ੍ਹ ਕੇ ਕਰ ਰਹੇ ਹੋ । ਪ੍ਰਮਾਤਮਾ ਆਪ ਜੀ ਨੂੰ ਚੜ੍ਹਦੀ ਕਲਾ ਤੇ ਦਲੇਰੀ ਬਖਸ਼ੇ । ਕੈਨੇਡਾ ਦਰਪਣ ਦਿਨ ਦੁਗਣੀ ਤੇ ਰਾਤ ਚੌਗੁਣੀ ਤਰੱਕੀ ਕਰੇ। ਪੇਪਰ ਦਾ ਚੰਦਾ ਭੇਜਣ ਲਈ ਇਕ ਸਾਲ ਤੋਂ ਬਾਅਦ ਲੇਟ ਹੋ ਗਿਆ ਸੀ । ਆਪ ਜੀ ਤੋਂ ਇਸ ਗੱਲ ਦੀ ਮੁਆਫੀ ਚਾਹੁੰਦਾ ਹਾਂ। ਹੋਰ ਕੋਈ ਸਾਡੇ ਲਾਇਕ ਸੇਵਾ ਹੋਵੇ ਤਾਂ ਹਾਜ਼ਰ ਹਾਂ ।

ਕੈਨੇਡਾ ਦਰਪਣ ਦਾ ਪ੍ਰੇਮੀ
ਨਰਿੰਦਰ ਸਿੰਘ ਪਾਵਰ ।


TICKETS TO ANYWHERE

GABA TRAVELS

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ ਹਮੇਸ਼ਾਂ ਸਾਨੂੰ ਯਾਦ ਕਰੋ । ਅਸੀਂ ਵਾਜਬ ਕਿਰਾਏ ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ ।

MANOHAR LAL GABA
GET HELP IN INDIA AT
NUR MAHAL PH: 49
JULLUNDUR PH: 74597
NEW DELHI PH: 44165
JANDIALA (JULLUNDUR)
MOGA (FAREEDKOT)

6612, MAIN ST. VANCOUVER, B. C.
Phone 324-3336

## ਸੁਰਜੀਤ ਸੁਰਜੀਤੀ

ਜੀਣਾ ਪੈਂਦੇ ਮਰਨਾ ਪੈਂਦੇ
ਇੱਥੇ ਸਭ ਕੁਝ ਕਰਨਾ ਪੈਂਦੇ।
ਜੀਣਾ ਕੋਈ ਖੇਡ ਨਹੀਂ ਹੈ
ਪਲ ਪਲ ਇੱਥੇ ਮਰਨਾ ਪੈਂਦੇ।
ਗੈਰ ਤਾਂ ਆਖਿਰ ਗੈਰ ਨੇ ਹੁੰਦੇ
ਆਪਣਿਆਂ ਤੋਂ ਡਰਨਾ ਪੈਂਦੇ
ਭਿਖਿਆ ਮਿਲੇ, ਮਿਲੇ ਨਾ ਕਿਧਰੇ
ਕਾਸਾ ਅੱਗੇ ਕਰਨਾ ਪੈਂਦੇ।
ਕੱਲਾ ਰੁੱਖੜਾ ਦੇਖ ਕੇ ਕਿਧਰੇ
ਧੀਰ ਵੀ ਆਖਿਰ ਧਰਨਾ ਪੈਂਦੇ।
ਭਾਵੇਂ ਕੋਈ ਦੂਰ ਦੂਰ ਕਰਦੇ
ਫੇਰ ਵੀ ਜੀ ਜੀ ਕਰਨਾ ਪੈਂਦੇ।
ਦਿਲ ਦੇ ਰੋਗ ਅਵੱਲੇ ਯਾਰੋ
ਹੌਕਾ ਹੀ ਬਸ ਭਰਨਾ ਪੈਂਦੇ।
ਦੁੱਖੜੇ ਝਲ ਝਲ ਝਲੇ ਹੋ ਗਏ
ਝਲ ਵੀ ਆਖਿਰ ਝਲਣਾ ਪੈਂਦੇ।
ਭੌਰ ਸਾਗਰ ਇਹ ਦੁਨੀਆਂ ਹੀ ਹੈ
ਪਿਆਰ ਦੇ ਬਲ ਤੇ ਤਰਨਾ ਪੈਂਦੇ।
ਭਾਵੇਂ ਸੁਣੇ ਸੁਣੇ ਨਾਂਹ ਕੋਈ
ਫੇਰ ਵੀ ਸ਼ਾਇਰ ਬਣਨਾ ਪੈਂਦੇ।
ਈਸਾ ਬਣਦੈਂ ਤੂ ਸੁਰਜੀਤ?
ਇਕ ਦਿਨ ਸੂਲੀ ਚੜ੍ਹਨਾ ਪੈਂਦਾ।

# ਸ਼ਰਾਬੀਆਂ ਦੀਆਂ ਵਸੀਅਤਾਂ

ਯੂਗੋਸਲਾਵੀਆ ਦੇ ਇਕ ਸ਼ਰਾਬੀ ਦੇ ਸਬੰਧ ਵਿਚ ਇਹ ਪ੍ਰਸਿੱਧ ਹੈ ਕਿ ਉਹ ਜਦੋਂ ਤਕ ਜਿੰਦਾ ਰਿਹਾ, ਬਰਾਬਰ ਸ਼ਰਾਬ ਦੇ ਦੌਰ ਤੇ ਦੌਰ ਚਲਾਉਂਦਾ ਰਿਹਾ। ਮੌਤ ਤੋਂ ਪਹਿਲਾਂ ਉਸ ਨੇ ਆਪਣੀ ਵਸੀਅਤ ਵਿਚ ਲਿਖਿਆ ਕਿ ਹਰ ਸਾਲ ਜਦੋਂ ਉਸ ਦੀ ਬਰਸੀ ਮਨਾਈ ਜਾਵੇ ਤਾਂ ਉਸ ਦੀ ਕਬਰ ਨੂੰ ਸ਼ਰਾਬ ਨਾਲ ਧੋਤਾ ਜਾਵੇ ਅਤੇ ਸ਼ਹਿਰ ਦੇ ਸਾਰੇ ਸ਼ਰਾਬੀਆਂ ਨੂੰ ਕਬਰ ਦੇ ਕੋਲ ਬਿਠਾ ਕੇ ਜੀ ਭਰ ਕੇ ਸ਼ਰਾਬ ਪਿਲਾਈ ਜਾਵੇ। ਇਸ ਸ਼ਰਾਬੀ ਨੂੰ ਮਰਿਆਂ ਲਗਭਗ ਸਵਾ ਸੌ ਸਾਲ ਗੁਜਰ ਚੁੱਕੇ ਹਨ। ਉਸ ਦੀ ਵਸੀਅਤ ਅਨੁਸਾਰ ਅੱਜ ਵੀ ਉਸ ਦੀ ਬਰਸੀ ਤੇ ਕਬਰ ਨੂੰ ਸ਼ਰਾਬ ਨਾਲ ਧੋਤਾ ਜਾਂਦਾ ਹੈ ਅਤੇ ਸ਼ਹਿਰ ਦੇ ਸ਼ਰਾਬੀਆਂ ਨੂੰ ਜੀ ਭਰ ਕੇ ਸ਼ਰਾਬ ਪਿਲਾਈ ਜਾਂਦੀ ਹੈ।

* * *

ਬਰਨ ਵਿਚ ਇਕ ਅਜਿਹਾ ਸ਼ਰਾਬੀ ਹੋਇਆਂ, ਜਿਸ ਨੇ ਆਪਣੀ ਵਸੀਅਤ ਵਿਚ ਲਿਖਿਆ ਹੈ ਕਿ ਉਸ ਦੀ ਸੰਪੂਰਨ ਜਾਇਦਾਦ ਦਾ ਇਕ ਹਜ਼ਾਰ ਪੌਂਡ ਸਾਲਾਨਾ ਉਨ੍ਹਾਂ ਵਿਅਕਤੀਆਂ ਤੇ ਖਰਚ ਕੀਤਾ ਜਾਵੇ ਜਿਹੜੇ ਸ਼ਰਾਬੀ ਹੋਣ। ਵਸੀਅਤ ਅਨੁਸਾਰ ਅੱਜ ਵੀ ਉਸ ਦੀ ਜਾਇਦਾਦ 'ਚੋਂ ਇਕ ਹਜ਼ਾਰ ਪੌਂਡ ਸਾਲਾਨਾ ਸ਼ਰਾਬੀਆਂ ਤੇ ਖਰਚ ਕੀਤਾ ਜਾਂਦਾ ਹੈ।

* * *

ਅਮਰੀਕਾ ਦਾ ਇਕ ਧਨੀ ਸ਼ਰਾਬ ਦਾ ਬਹੁਤ ਸ਼ੌਕੀਨ ਸੀ ਪਰ ਉਸ ਦੀ ਪਤਨੀ ਨੇ ਬੜੀ ਬੇਰਹਿਮੀ ਨਾਲ ਉਸ ਦੇ ਇਸ ਸ਼ੌਕ ਤੇ ਪਾਬੰਦੀ ਲਾ ਦਿੱਤੀ। ਵਿਚਾਰਾ ਜ਼ਿੰਦਗੀ ਭਰ ਸ਼ਰਾਬ ਦੇ ਇਕ ਪੈਗ ਲਈ ਤਰਸਦਾ ਰਿਹਾ। ਅਖੀਰ ਆਪਣੇ ਵਸੀਅਤਨਾਮੇ ਵਿਚ ਉਸ ਨੇ ਆਪਣੀ ਪਤਨੀ ਦੀ ਬੇਰਹਿਮੀ ਦਾ ਬਦਲਾ ਲੈ ਹੀ ਲਿਆ। ਉਸ ਨੇ ਵਸੀਅਤ ਵਿਚ ਲਿਖਿਆ, "ਮੇਰੀ ਪੂਰੀ ਜਾਇਦਾਦ ਮੇਰੀ ਪਤਨੀ ਨੂੰ ਮਿਲੇ ਪਰ ਇਸ ਸ਼ਰਤ 'ਤੇ ਕਿ ਇਹ ਉਹ ਹਰ ਰੋਜ਼ ਬੋਤਲ ਸ਼ਰਾਬ ਪੀਵੇ। ਜਿਸ ਦਿਨ ਉਹ ਸ਼ਰਾਬ ਨਾ ਪੀਏ ਉਸ ਦਿਨ ਸਾਰੀ ਜਾਇਦਾਦ ਉਸ ਤੋਂ ਖੋਹ ਲਈ ਜਾਵੇ ਅਤੇ ਕਿਸੇ ਲੋਕ-ਭਲਾਈ ਦੀ ਸੰਸਥਾ ਨੂੰ ਦਾਨ ਦੇ ਦਿੱਤੀ ਜਾਵੇ।"

ਸ਼ਰਾਬ ਨੂੰ ਬੇਹੱਦ ਨਫਰਤ ਕਰਨ ਵਾਲੀ ਉਹ ਔਰਤ ਅੱਜ ਵੀ ਨਿਯਮਿਤ ਰੂਪ ਵਿਚ ਸ਼ਰਾਬ ਪੀ ਰਹੀ ਹੈ। ਮਜ਼ੇ ਦੀ ਗੱਲ ਹੈ ਕਿ ਉਹ ਖੁਦ ਹੁਣ ਸ਼ਰਾਬ ਦੀ ਆਦੀ ਹੋ ਚੁੱਕੀ ਹੈ ਅਤੇ ਸ਼ਰਾਬ ਪੀਤੇ ਬਿਨਾਂ ਇਕ ਦਿਨ ਵੀ ਨਹੀਂ ਰਹਿ ਸਕਦੀ।

* * *

ਲੰਦਨ ਵਿਚ ਇਕ ਸ਼ਰਾਬੀ ਨੇ ਆਪਣੀ ਵਸੀਅਤ ਵਿਚ ਲਿਖਿਆ, "ਮੇਰੀ ਸਾਰੀ ਜਾਇਦਾਦ ਨਾਲ ਇਕ ਸ਼ਰਾਬ ਘਰ ਬਣਾਇਆ ਜਾਵੇ ਅਤੇ ਉਥੇ ਹਰ ਕਿਸਮ ਦੀ ਸ਼ਰਾਬ ਹਰੇਕ ਸ਼ਰਾਬੀ ਨੂੰ ਮੁਫਤ ਦਿੱਤੀ ਜਾਵੇ।

ਇਹ ਲੰਦਨ-ਨਿਵਾਸੀ ਸ਼ਰਾਬੀ ਉਂਜ ਬਹੁਤ ਅਮੀਰ ਸੀ ਅਤੇ ਉਸ ਦੇ ਉਤਰਾ-ਅਧਿਕਾਰੀ ਉਸ ਦੀ ਇਸ ਵਸੀਅਤ ਦੀ ਪਾਲਣਾ ਬਿਨਾਂ ਕਿਸੇ ਹਿਚਹਿਚਕਾਹਟ ਦੇ ਕਰ ਸਕਦੇ ਸਨ ਪਰ ਇਸ ਸਨਕਭਰੀ ਵਸੀਅਤ ਦੀ ਪਾਲਣਾ ਉਸ ਦੇ ਉਤਰਾ-ਅਧਿਕਾਰੀਆਂ ਨੇ ਨਹੀਂ ਕੀਤੀ। ਇਸ ਤੇ ਸ਼ਹਿਰ ਦੇ ਕੁਝ ਸ਼ਰਾਬੀਆਂ ਨੇ ਮਿਲ ਕੇ ਉਸ ਦੇ ਉਤਰਾ-ਅਧਿਕਾਰੀਆਂ 'ਤੇ ਅਦਾਲਤ ਵਿਚ ਵਿਚ ਮੁਕੱਦਮਾ ਦਾਇਰ ਕਰ ਦਿੱਤਾ। ਅਦਾਲਤ ਨੇ ਸਾਰੇ ਕੇਸ ਦੀ ਸੁਣਵਾਈ ਕੀਤੀ ਅਤੇ ਉਹ ਇਸ ਨਿਰਣੇ ਤੇ ਪੁੱਜੀ ਕਿ ਸ਼ਰਾਬੀ ਦੀ ਇਹ ਵਸੀਅਤ ਪੂਰੇ ਹੋਸ਼ੋਹਵਾਸ ਵਿਚ ਨਹੀਂ ਲਿਖੀ ਗਈ ਸੀ ਸਗੋਂ ਨਸ਼ੇ ਦੀ ਹਾਲਤ ਵਿਚ ਲਿਖੀ ਗਈ ਸੀ। ਇਸ ਕਰ ਕੇ ਅਦਾਲਤ ਨੇ ਮੁਕੱਦਮੇ ਦਾ ਫੈਸਲਾ ਸ਼ਰਾਬੀ ਦੇ ਉਤਰਾ-ਅਧਿਕਾਰੀਆਂ ਦੇ ਹੱਕ ਵਿਚ ਦਿੱਤਾ ਅਤੇ ਸ਼ਰਾਬੀਆਂ ਨੂੰ ਮੂੰਹ ਦੀ ਖਾਣੀ ਪਈ।

* * *

ਫਰਾਂਸ ਦੇ ਇਕ ਸ਼ਰਾਬੀ ਮਿਸਟਰ ਫਾਰਕਿਸ ਤਾਂ ਆਪਣੀ ਵਸੀਅਤ ਕਰਨ ਵਿਚ ਸਾਰੇ ਸ਼ਰਾਬੀਆਂ ਤੋਂ ਬਾਜ਼ੀ ਮਾਰ ਗਏ। ਇਸ ਹਜਰਤ ਨੇ ਆਪਣੀ ਵਸੀਅਤ ਵਿਚ ਲਿਖਿਆ, "ਮੇਰੇ ਮਰਨ ਤੋਂ ਮਗਰੋਂ ਮੇਰੀ ਲਾਸ਼ ਨੂੰ ਸ਼ਰਾਬ ਨਾਲ ਭਰੀਆਂ ਬੋਤਲਾਂ ਵਿਚ ਦਫਨਾਇਆ ਜਾਵੇ।"

ਵਸੀਅਤ ਦੀ ਪਾਲਣਾ ਕੀਤੀ ਗਈ ਅਤੇ ਸ਼ਰਾਬ ਨਾਲ ਭਰੀਆਂ ਲਗਭਗ 20 ਹਜ਼ਾਰ ਬੋਤਲਾਂ ਨਾਲ ਉਸ ਨੂੰ ਦਫਨਾ ਦਿੱਤਾ ਗਿਆ। ਦਿਲਚਸਪ ਗੱਲ ਇਹ ਹੈ ਕਿ ਬਾਅਦ ਵਿਚ ਜਦੋਂ ਸ਼ਹਿਰ ਦੇ ਸ਼ਰਾਬੀਆਂ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਹ ਸ਼ਰਾਬੀ ਦੀ ਕਬਰ ਤੇ ਪੁੱਜ ਗਏ ਅਤੇ ਕਬਰ ਵਿਚੋਂ ਸ਼ਰਾਬ ਦੀਆਂ ਬੋਤਲਾਂ ਕੱਢ ਕੇ ਉਨ੍ਹਾਂ ਉਥੇ ਹੀ ਸ਼ਰਾਬੀ ਪੀਣੀ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਉਨ੍ਹਾਂ ਉਸ ਸ਼ਰਾਬੀ ਨੂੰ ਅਨੂਠੀ ਸ਼ਰਧਾਂਜਲੀ ਦਿੱਤੀ।

**ਪੇਸ਼ਕਸ਼: ਗੁਰਬਖਸ਼ ਸਿੰਘ**

ਯੂਕ ਵਸੀਂਦੀ ਨਗਰੀ ਵਿਚ ਵੀ
ਸਾਡਾ ਵਾਸਾ ਜੰਗਲ ਦਾ
ਸਾਡੀਆਂ ਨਜ਼ਰਾਂ ਸਾਹਮੇਂ ਹੁੰਦਾ
ਨਿੱਤ ਤਮਾਸ਼ਾ ਜੰਗਲ ਦਾ।

ਚੌਹੀਂ ਪਾਸੀਂ ਜੰਗਲ ਯਾਰੋ
ਜੰਗਲ ਤੋਂ ਛੁਟਕਾਰਾ ਨਾ
ਜੇਹੜੇ ਪਾਸੇ ਨਸ ਕੇ ਜਾਈਏ
ਉਹੋ ਪਾਸਾ ਜੰਗਲ ਦਾ।
ਭਾਵੇਂ ਜੰਗਲ ਛਡ ਆਏ ਹਾਂ
ਸਾਨੂੰ ਜੰਗਲ ਛੱਡੇ ਨਾ
ਹਰ ਇਕ ਸ਼ਹਿਰੀ ਅੰਦਰ ਯਾਰੋ
ਮਾਸ਼ਾ ਮਾਸ਼ਾ ਜੰਗਲ ਦਾ।

ROYAL
new&used
FURNITURE

ਜੇਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖ਼੍ਰੀਦਣਾ ਜਾਂ ਟ੍ਰੇਡ ਕਰਨਾ ਹੋਵੇ ਤਾਂ ਸਾਡੇ ਸਟੋਰ ਤੇ ਦਰਸ਼ਨ ਦਿਓ

Ph: 874-9525

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

● ਲਿਵਿੰਗ ਰੂਮ ● ਡਾਇਨਿੰਗ ਰੂਮ ● ਬੈੱਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ਼੍ਰੀਦੋ

* New * Used or * Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ



ਰੌਇਲ ਫਰਨੀਚਰ ਲਿਮ:

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ. (At 10th Ave. East)

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

ਖਾਲਸਾ ਕਰੈਡਿਟ ਯੂਨੀਅਨ

ਦੁਨੀਆਂ ਭਰ ਵਿਚ ਸਿੱਖਾਂ ਦੀ ਇੱਕੋ ਇੱਕ ਸਥਾਪਤ ਬੈਂਕ ਸੰਸਥਾ -ਜੋ ਕੌਮ ਦੀ ਤਰੱਕੀ ਤੇ ਭਵਿਖ ਨੂੰ ਚੜ੍ਹਦੀ ਕਲਾ ਦੀਆਂ ਸਿਖਰਾਂ ਤੇ ਪਹੁੰਚਾਉਣ ਲਈ ਵਚਨਬੱਧ ਹੈ।

ਮੁੱਖ ਵਿਸ਼ੇਸ਼ਤਾਈਆਂ

- ਇਹ ਬੈਂਕ ਸੰਸਥਾ (K.C.U.) ਬ੍ਰਿਟਿਸ਼ ਕੋਲੰਬੀਆ ਦੇ ਸੇਵਾ ਭਾਵਨੇ ਵਾਲੇ 50 ਗੁਰਸਿਖਾਂ ਦੇ ਉੱਦਮ ਤੇ ਸਮੁੱਚੀਆਂ ਸੰਗਤਾਂ ਦੇ ਭਰਵੇਂ ਸਹਿਯੋਗ ਦੀ ਦੇਣ ਹੈ।
- K.C.U. ਵਿਚ 25 ਡਾਲਰ ਜਮ੍ਹਾਂ ਕਰਵਾ ਕੇ ਹਰ ਵਿਅਕਤੀ ਇਸਦਾ ਹਿੱਸੇਦਾਰ ਬਣ ਸਕਦਾ ਹੈ।
- K.C.U. ਵਿਚ ਤੁਹਾਡੀ ਸਾਰੀ ਜਮ੍ਹਾਂ ਰਕਮ ਅਤੇ ਹਿੱਸੇ ਸੌ ਫੀ ਸਦੀ ਸੁਰਖਿਅਤ ਹਨ ਕਿਉਂਕਿ ਤੁਹਾਡਾ ਪੈਸਾ ਕੇਰਡਿਟ ਯੂਨੀਅਨ ਡੀਪਾਜ਼ਿਟ ਇਨਸ਼ੋਰੈਂਸ ਕਾਰਪੋਰੇਸ਼ਨ ਆਫ ਬ੍ਰਿਟਿਸ਼ ਕੋਲੰਬੀਆ ਦੁਆਰਾ ਬੀਮਾ-ਸ਼ੁਦਾ ਹੈ।

ਖਾਲਸਾ ਕਰੈਡਿਟ ਯੂਨੀਅਨ ਹੇਠ ਲਿਖਤ ਸੇਵਾਵਾਂ ਲਈ ਜੀ ਆਇਆਂ ਕਹਿੰਦੀ ਹੈ:-

1 ਕਾਰਾਂ ਲਈ ਕਰਜ਼ੇ, ਘਰਾਂ ਦੀ ਮਾਰਗੇਜ਼ ਤੇ ਨਿੱਜੀ ਕਰਜ਼ੇ।
2 ਖਾਸ ਬੱਚਤ ਖਾਤਾ, ਮਿਆਦੀ ਬੱਚਤ ਖਾਤਾ ਤੇ ਚੈਕਿੰਗ ਖਾਤਾ।
3 ਕਾਰੋਬਾਰੀ ਕਰਜ਼ੇ ਤੇ ਆਰ ਆਰ ਐਸ ਪੀ (R R S P) ਦੀਆਂ ਸੇਵਾਵਾਂ ਜਲਦ ਸ਼ੁਰੂ ਕਰਦੇ ਹਾਂ।
4 ਕਰਜ਼ੇ ਉੱਤੇ ਵਿਆਜ ਦਰ ਦੂਜੀਆਂ ਬੈਂਕਾਂ ਦੇ ਬਰਾਬਰ ਦੀ ਹੈ।
5 ਤੁਹਾਡੇ ਪੈਸੇ ਉੱਤੇ ਹੋਰਾਂ ਬੈਂਕਾਂ ਨਾਲੋਂ ਵੱਧ ਵਿਆਜ ਮਿਲੇਗਾ।

KHALSACREDIT UNION

ਬ੍ਰਿਟਿਸ਼ ਕੋਲੰਬੀਆ ਵਿਚ ਸਿੱਖ ਕੌਮ ਦੇ ਭਵਿਖਤ ਨੂੰ ਉੱਜਲਾ ਕਰ ਰਹੀ ਹੈ।




Building the future of the Sikh Community in British Columbia
ਹੋਰ ਪੁਛ ਗਿਛ ਲਈ ਸੰਪਰਕ ਕਰੋ ਜੀ
7247 Main Street Van.,
British Columbia Canada V5X 3J3
(604) 324-6747



ਇਸ ਦੀ ਖਾਤਰ ਉਸ ਦੀ ਖਾਤਰ ਲੱਭਦੇ ਫਿਰਦੇ ਹਾਂ ।
ਕਿਤੋਂ ਗੁਆਚੀ ਧੁੱਪ ਦੀ ਕਾਤਰ ਲੱਭਦੇ ਫਿਰਦੇ ਹਾਂ ।

ਚਾਹੀਦਾ ਸੀ ਭੇਟਾ ਕਰਦੇ ਇਕ ਦੂਜੇ ਨੂੰ ਤੋਹਫੇ,
ਪਰ ਇਹ ਕੀ ਇਸ ਦੀ ਥਾਂ ਦਾਤਰ ਲੱਭਦੇ ਫਿਰਦੇ ਹਾਂ ।

ਸਾਨੂੰ ਆਪਸ ਵਿਚ ਲੜਾ ਕੇ ਤੇ ਮੂਰਖ ਸਦਵਾ ਕੇ,
ਬਣਿਆ ਫਿਰਦਾ ਹੈ ਜੋ ਚਾਤਰ ਲੱਭਦੇ ਫਿਰਦੇ ਹਾਂ ।

ਸਾੜੇ, ਕੀਨੇ, ਨਫਰਤ ਅਤੇ ਤੁਫੱਰਕੇ ਦੇ ਸ਼ਹਿਰੋਂ,
ਪਿਆਰ ਕਿਤੇ ਬਚਿਆ ਨਾਂ-ਮਾਤ ਰ ਲੱਭਦੇ ਫਿਰਦੇ ਹਾਂ ।

ਜ਼ਿੰਦਗੀ ਨੂੰ ਮਾਰਨ ਦੀਆਂ ਜਿਥੇ ਘੜ੍ਹਦੇ ਨੇ ਤਜਵੀਜ਼ਾਂ,
ਅਸੀਂ ਉਹ 'ਫਾਇਲਾਂ' ਅਤੇ ਦਫਾਤਰ ਲੱਭਦੇ ਫਿਰਦੇ ਹਾਂ ।

ਉਹ ਜੋ ਸਾਨੂੰ ਅੰਨ੍ਹੇ ਖੂਹ ਵਿਚ ਧੱਕਾ ਦੇ ਕੇ ਭੱਜਾ,
ਛੱਡਣਾ ਨਾ ਉਸ ਨੂੰ ਮਤਵਾਤਰ ਲੱਭਦੇ ਫਿਰਦੇ ਹਾਂ ।

ਜਿਸ ਨਿਭਾਈ ਹੱਸ ਭੂਮਿਕਾ ਰੌਣਕ ਹੋਈ ਵਿਹੜੇ,
ਏਦਾਂ ਦੇ ਕੁਝ ਹੋਰ ਵੀ ਪਾਤਰ ਲੱਭਦੇ ਫਿਰਦੇ ਹਾਂ ।

-o-

# ਹੁਣ ਆ ਦਬੋਚਦੀ ਹੈ ਸ਼ਾਮ!

**ਰਾਜਿੰਦਰ ਸੋਢੀ**

ਮੇਰੇ ਪੰਜਾਬ ਦੇ ਵਿਹੜਿਆਂ 'ਚ
ਹੁਣ ਸ਼ਾਮ ਉਤਰਦੀ ਨਹੀਂ
ਡਾਕੂ ਵਾਂਗ ਧੁਸ ਦਈ ਆ ਵੜਦੀ ਹੈ
ਬੁਝਾ ਦਿੰਦੀ ਹੈ ਘਰਾਂ ਦੇ ਦੀਵੇ ਤੇ ਚੁੱਲ੍ਹੇ
ਪੈਰਾਂ ਨਾਲੋਂ ਤਰਾਸ਼ ਦਿੰਦੀ ਹੈ
ਪਗਡੰਡੀਆਂ ਦਾ ਸੁਹਾਣਾ ਸਫਰ
ਤੇ ਸੰਘਾਂ 'ਚ ਘੁੱਟ ਦਿੰਦੀ ਹੈ
ਬੱਚਿਆਂ ਦੀਆਂ ਕਿਲਕਾਰੀਆਂ
ਤੇ ਅੰਗਾਂ 'ਚ ਹੀ ਮਾਰ ਦਿੰਦੀ ਹੈ ਸ਼ਰਾਰਤਾਂ
ਸ਼ਾਮ ਪੈਣ 'ਤੇ ਹੁਣ ਘਰ ਘਰ ਨਹੀਂ ਰਹਿੰਦੇ
ਬਿਨਾਂ ਦਰਵਾਜ਼ਿਆਂ ਬਾਰੀਆਂ ਤੇ ਰੌਸ਼ਨਦਾਨਾਂ ਦੇ
ਮਹਿਜ਼ ਹੁੰਦੇ ਨੇ ਹਨੇਰੇ ਕੈਦਖਾਨੇ
ਬਿਸਤਰੇ ਖੁੱਡਾਂ ਨੇ ਜਿਨ੍ਹਾਂ 'ਚ ਅਸੀਂ ਦੁਬਕ ਜਾਂਦੇ ਹਾਂ
ਇਸ ਡਾਕੂਈ ਸ਼ਾਮ ਨੂੰ

ਸਾਡੇ ਖੇਤ ਹੁਣ ਸਾਡੇ ਨਹੀਂ ਰਹੇ
ਕਿੰਨਾ ਅਸਹਿ ਹੈ
ਧੀਆਂ - ਪੁੱਤਾਂ ਵਾਂਗ ਪਾਲੀਆਂ ਫਸਲਾਂ ਦਾ
ਦਿਲਾਂ 'ਚ ਉਸਰੇ ਪਿੜਾਂ ਤੋਂ ਪਹਿਲਾਂ ਹੀ
ਖੇਤਾਂ 'ਚ ਖੜੋਤੀਆਂ ਹੀ ਸੜ - ਸੁੱਕ ਜਾਣਾ
ਵਿਹੜੇ ਸੁਣਨਾ ਚਾਹੁੰਦੇ ਹਨ
ਨਿੱਕੇ ਨਿੱਕੇ ਠੱਠੇ ਮਖੌਲ, ਟਿੱਚਰਾਂ ਤੇ ਹਾਸੇ
ਤੇ ਸੁਣਨਾ ਪੈ ਰਿਹਾ ਹੈ ਗਲੀਆਂ 'ਚ ਨਿਰੰਤਰ ਵੱਜਦਾ
ਸੰਗੀਨਾਂ ਦੀ ਛਾਂ ਹੇਠ
ਬੂਟਾਂ ਦੀ ਠੱਪ ਠੱਪ ਦਾ ਕੁਰਖਤ ਸੰਗੀਤ
ਤੇ ਕੋਈ ਉਚੀ ਉਚੀ
ਲੋਥਾਂ ਦੇ ਅੰਬਾਰ ਉਤੇ ਖੜੋ ਹਸਣ ਲੱਗਦਾ ਹੈ

ਅਸੀਂ ਤਰਸ ਗਏ ਹਾਂ ਉਨ੍ਹਾਂ ਸ਼ਾਮਾਂ ਨੂੰ
ਜੋ ਉਤਰਦੀਆਂ ਸਨ
ਮਹਿਬੂਬ ਦੀਆਂ ਅੱਖਾਂ ਦੀ ਨੀਲੀ ਝੀਲ 'ਚ,
ਫੁੱਲਾਂ ਦੇ ਉਤੇ
ਕਿੱਥੇ ਹਨ ਉਹ ਸ਼ਾਮਾਂ
ਜਿਨ੍ਹਾਂ 'ਚ ਸਨ ਯਾਰਾਂ ਦੀਆਂ ਕਰੰਘੜੀਆਂ
ਘੁਰਾਖੀ ਚਾਂਘਰਾਂ, ਬੱਚਿਆਂ ਦੀਆਂ ਕਿਲਕਾਰੀਆਂ ਤੇ ਸ਼ਰਾਰਤਾਂ
ਤੇ ਪਰਿੰਦਿਆਂ ਵਾਂਗ ਚਹਿਚਹਾਉਂਦੀਆਂ ਜਵਾਨ ਉਮਰਾਂ ?

**ਧਰਮ ਕੰਮੇਆਣਾ**

ਬਾਬਾ ਆਮਟੇ
ਤੇਰੇ ਅਮਨਾਂ ਦੇ ਸੁਨੇਹੇ ਨੂੰ ਸਲਾਮ
ਮੈਂ ਤੇਰੇ ਮਨੁੱਖਤਾ ਦੀ ਖੈਰ ਮੰਗਦੇ ਬੋਲਾਂ ਨੂੰ ਚੁੰਮਦਾ
ਹਾਂ
ਜਿਥੇ ਵੀ ਕਿਤੇ
ਕੋਈ ਬੇਗੁਨਾਹ ਕਤਲ ਹੋਇਐ
ਮੈਂ ਹਰ ਵਾਰ ਉਹਦੇ ਨਾਲ ਕਤਲ ਹੋਇਆ ਹਾਂ
ਮੈਂ ਚਾਹੁੰਦਾ ਹਾਂ
ਕਿ ਇਹ ਕਤਲਾਂ ਦਾ ਸਿਲਸਿਲਾ ਖਤਮ ਹੋਵੇ
ਕਿ ਸਾਉਣ ਮਹੀਨੇ
ਤੀਆਂ 'ਚ ਨੱਚ ਕੇ
ਕੱਲਰਾਂ 'ਚ ਬਹਾਰ ਲਿਆਉਣ ਵਾਲੀਆਂ ਮਾਸੂਮ
ਕੁੜੀਆਂ ਨੂੰ
ਮੋਏ ਵੀਰਾਂ ਦੇ ਵੈਣ ਨਾ ਪਾਉਣੇ ਪੈਣ
ਕਿ ਇਹ ਗੀਤਾ ਦੀ ਧਰਤੀ ਕਤਲਗਾਹ ਨਾ ਬਣੇ
ਕਿ ਸਾਡੇ ਬੱਚਿਆਂ ਦਾ ਤੋਤਲਾ ਹਾਸਾ
ਫੌਜੀ ਬੂਟਾਂ ਹੇਠ ਮਿੱਧਿਆ ਨਾ ਜਾਵੇ-

ਪਰ ਬਾਬਾ
ਤੂੰ ਕਦੀ ਕੱਲ੍ਹਾ ਬੈਠ੍ਹ ਕੇ ਸੋਚ ਵਿਚਾਰ ਕਰੀਂ
ਕਿ ਪੰਜਾਬ ਦੇ ਜੱਟਾਂ ਨੇ ਖੇਤਾਂ ਵਿਚ ਕਣਕ ਬੀਜੀ
ਸੀ
ਇਹ ਬਾਰੂਦ ਕਿੱਥੋਂ ਉਗ ਆਇਆ ?
ਕਿ ਸਰ੍ਹੋਂ ਦੇ ਫੁੱਲਾਂ ਦਾ ਰੰਗ
ਜੋ ਸਾਡੇ ਰੁਮਾਂਟਿਕ ਕਵੀਆਂ ਦੀਆਂ ਕਵਿਤਾਵਾਂ ਦਾ
ਸ਼ਿੰਗਾਰ ਬਣਦਾ ਰਿਹੈ


# Business Financial Planning



Taking Care of Your Family and Business

How can I ensure that in the future my estate will have the necessary liquidity to meet outstanding debts, taxes, etc.?






Recruiting and Retaining Key Employees

What about a basic benefits package for my employees?






Affordable Retirement Packages for You and Your Employees

How can I increase my retirement benefits?




**Find Out More About The Plan(s) That Interest You Call Your Financial Planner and Complete Brokerage Service:**



**Sudesh Kalia**

**Bus: (604) 685-9335**
**Res: (604) 254-5837**

ASSURING BRIGHT FINANCIAL FUTURES

NORTH AMERICAN LIFE
#320 - 815 W. Hastings Street
VANCOUVER, B.C. V6C 2W1



# ਫ਼ਿਲਮ-ਲੋਕ



## ਨਾਸਿਰ ਹੁਸੈਨ ਦਾ ਫਿਲਮੀ ਫਾਰਮੂਲਾ

**ਸ਼ਮਸ਼ੇਰ ਸਿੰਘ ਸੰਧੂ**

ਫਿਲਮਕਾਰ ਨਾਸਿਰ ਹੁਸੈਨ ਇਸ ਗੱਲ ਉਤੇ ਜ਼ੋਰ ਦਿੰਦਾ ਹੈ ਕਿ ਆਮ ਦਰਸ਼ਕ ਜਦੋਂ ਫਿਲਮ ਵੇਖਣ ਨਿਕਲਦਾ ਹੈ ਤਾਂ ਉਹ ਆਪਣੀ ਜ਼ਿੰਦਗੀ ਦੀਆਂ ਅਪੁੰਹਚ, ਅਧੂਰੀਆਂ ਇਛਾਵਾਂ ਅਤੇ ਕੌੜੀਆਂ ਹਕੀਕਤਾਂ ਤੋਂ ਕੁਝ ਪਲਾਂ ਲਈ ਦੂਰ ਹੋਣ ਜਾਂ ਟੁੱਟਣ ਦੇ ਮੂਡ ਵਿਚ ਹੁੰਦਾ ਹੈ। ਜੋ ਕੁਝ ਉਸ ਨੂੰ 'ਪ੍ਰਾਪਤ' ਨਹੀਂ ਹੋਇਆ ਹੁੰਦਾ, ਉਸ ਸਭ ਕਾਸੇ ਨੂੰ ਸਿਨੇਮਾ-ਸਕਰੀਨ ਉਤੇ ਦੇਖ ਕੇ ਪ੍ਰਾਪਤੀ ਦਾ ਧਰਵਾਸ ਲੈਂਦਾ ਹੈ। ਇਉਂ ਨਾਸਿਰ ਹੁਸੈਨ ਅਨੁਸਾਰ ਇਕ ਫਿਲਮ ਦਾ ਮੁੱਖ ਕੰਮ ਆਮ ਦਰਸ਼ਕ ਦਾ ਮਨੋਰੰਜਨ ਕਰਨਾ ਹੁੰਦਾ ਹੈ। ਉਹਦੇ 'ਖਿਆਲ' ਮੁਤਾਬਕ ਸਤਿਆਜੀਤ ਰੇਅ ਤੇ ਸ਼ਿਆਮ ਬੈਨੇਗਲ ਹੋਰੀਂ ਬੋਝਲ ਫਿਲਮਾਂ ਬਣਾਉਂਦੇ ਹਨ, ਆਮ ਦਰਸ਼ਕ ਦੇ 'ਕੰਮ ਦੀ ਗੱਲ' ਨਹੀਂ ਕਰਦੇ।

ਬਹੁਤ ਸਾਰੀਆਂ ਹਿੱਟ ਜਾਂ ਚਰਚਿਤ ਫਿਲਮ ਹਨ ਜਿਨ੍ਹਾਂ ਨਾਲ ਨਾਸਿਰ ਹੁਸੈਨ ਦਾ ਨਾਂ ਡਾਇਰੈਕਟਰ, ਪ੍ਰੋਡਿਊਸਰ ਜਾਂ ਲੇਖਕ ਵਜੋਂ ਜੁੜਿਆ ਹੋਇਆ ਹੈ। 'ਜਬ ਪਿਆਰ ਕਿਸੀ ਸੇ ਹੋਤਾ ਹੈ', 'ਤੀਸਰੀ ਮੰਜ਼ਿਲ', 'ਕਾਰਵਾਂ', 'ਹਮ ਕਿਸੀ ਸੇ ਕਮ ਨਹੀਂ', 'ਜ਼ਮਾਨੇ ਕੋ ਦਿਖਾਨਾ ਹੈ', ਅਤੇ 'ਯਾਦੋਂ ਕੀ ਬਾਰਾਤ' ਨੂੰ ਵੱਡੀ ਗਿਣਤੀ ਲੋਕਾਂ ਨੇ ਦੇਖਿਆ ਹੋਵੇਗਾ। ਇਨ੍ਹਾਂ ਵਿਚੋਂ ਇਕ ਦੋ ਨੂੰ ਛੱਡ ਕੇ ਬਾਕੀ ਸਭ ਫਿਲਮਾਂ ਨੇ ਟਿਕਟ-ਖਿੜਕੀ ਉਪਰ ਕ੍ਰਿਸ਼ਮੇ ਦਿਖਾਏ ਸਨ। ਇਨ੍ਹਾਂ ਫਿਲਮਾਂ ਦੇ ਆਧਾਰ ਉਤੇ ਹੀ ਇਕ ਖਾਸ ਕਿਸਮ ਦਾ 'ਨਾਸਿਰ ਹੁਸੈਨ ਫਾਰਮੂਲਾ' ਕਾਇਮ ਹੋ ਚੁਕਾ ਹੈ।

ਜੇ ਹੋਰ ਵੀ ਪਿਛੇ ਚਲੇ ਜਾਈਏ ਤਾਂ ਦੇਖਦੇ ਹਾਂ ਕਿ ਲੇਖਕ ਵਜੋਂ ਨਾਸਿਰ ਹੁਸੈਨ ਨੇ ਸਭ ਤੋਂ ਪਹਿਲੀ ਫਿਲਮ 'ਮੁਨੀਮ ਜੀ' ਕੀਤੀ ਸੀ। 'ਤੁਮਸਾ ਨਹੀਂ ਦੇਖਾ' ਨਾਲ ਉਹ ਬਤੌਰ ਡਾਇਰੈਕਟਰ ਉਭਰਿਆ। 'ਫਿਰ ਵੋਹੀ ਦਿਲ ਲਾਇਆ ਹੂੰ' ਫਿਲਮ ਨੂੰ ਉਸ ਨੇ ਲਿਖਿਆ ਨਿਰਦੇਸ਼ਨ ਵੀ ਦਿਤਾ ਤੇ ਨਿਰਮਾਣ ਵੀ ਖੁਦ ਹੀ ਕੀਤਾ। ਪਹਿਲਾਂ-ਪਹਿਲ ਨਾਸਿਰ ਹੁਸੈਨ ਨੇ ਫਿਲਮਸਤਾਨ ਵਾਲਿਆਂ ਨਾਲ ਕੰਮ ਕੀਤਾ ਤੇ ਐਸ. ਮੁਕਰਜੀ ਨੇ ਉਸ ਨੂੰ ਨਾਲ ਰਲਾ ਕੇ 'ਚਾਂਦਨੀ ਰਾਤ' ਫਿਲਮ ਬਣਾਈ। ਦਲੀਪ ਕੁਮਾਰ ਅਤੇ ਕਾਮਿਨੀ ਕੌਸ਼ਲ ਦੀ ਜਿਹੜੇ ਦਿਨੀਂ ਜੋੜੀ ਹਿੱਟ ਹੁੰਦੀ ਸੀ, ਉਦੋਂ ਨਾਸਿਰ ਨੇ 'ਸ਼ਬਨਮ' ਦੇ ਡਾਇਆਲਾਗ ਲਿਖੇ ਜੋ ਬੜੇ ਹਰਮਨ ਪਿਆਰੇ ਹੋਏ। ਲੇਖਕ ਵਜੋਂ ਮੁਕੰਮਲ ਰੂਪ ਵਿਚ ਨਾਸਿਰ ਹੁਸੈਨ ਦੀ ਧਾਂਕ 'ਸ਼ਬਿਸਤਾਨ' ਫਿਲਮ ਨੇ ਬਣਾਈ ਸੀ।

'ਅਨਾਰਕਲੀ' ਵਰਗੀ ਜੁਬਲੀ ਹਿੱਟ ਫਿਲਮ ਦੀ ਕਹਾਣੀ ਤੇ ਪਟਕਥਾ ਕਾਰਨ ਨਾਸਿਰ ਹੁਸੈਨ ਮਹਾਨ ਫਿਲਮਕਾਰ ਬਣ ਗਿਆ। ਸ਼ਮੀ ਕਪੂਰ ਤੇ ਆਸ਼ਾ ਪਾਰਿਖ ਨੂੰ ਲੈ ਕੇ ਹਲਕੀ-ਫੁਲਕੀ ਕਾਮੇਡੀ ਤੇ ਭਰਪੂਰ ਮਨੋਰੰਜਨ ਵਾਲੀਆਂ ਕਈ ਫਿਲਮਾਂ ਨਾਸਿਰ ਹੁਸੈਨ ਨੇ ਹੀ ਦਿੱਤੀਆਂ। ਫਿਲਮ ਦੇ ਪਾਤਰਾਂ ਨੂੰ ਪਹਾੜਾਂ ਉਤੇ ਘੁੰਮਾਉਣਾ-ਫਿਰਾਉਣਾ, ਚਸ਼ਮਿਆਂ, ਝਰਨਿਆਂ ਨਾਲ ਅਠਖੇਲੀਆਂ ਕਰਦਿਆਂ ਗਾਣੇ ਗਾਉਣਾ, ਮੁੰਡੇ ਦਾ ਅਮੀਰ ਹੋਣਾ ਤੇ ਕੁੜੀ ਦਾ ਗਰੀਬ ਹੋਣਾ ਜਾਂ ਫਿਰ ਮੁੰਡੇ

ਬਾਕੀ ਪੰਨਾ 38 ਉਤੇ



ਫਿਲਮ ਐਕਟਰ ਸ਼ਫੀ ਇਨਾਮਦਾਰ ਤੇ ਰਾਕੇਸ਼ ਬੇਦੀ ਜਿਨ੍ਹਾਂ ਨੂੰ ਟੀ. ਵੀ. ਸੀਰੀਅਲਾਂ ਨੇ ਚਹੇਤੇ ਕਲਾਕਾਰ ਬਣਾਇਆ।


**BHANDAL DRYWALL LTD.**

3397 Kingsway, Vancouver, B.C.

Ph. 430-5011



Vice President
**Karnail S. Bhandal**

President
**Jarnail S. Bhandal** M.A.

**MALKIT PARMAR**

ROYAL LEPAGE REAL ESTATE SERVICES

ਘਰ ਦੀ ਕੀਮਤ ਪਵਾਉਣ ਲਈ ਸਾਡੀ ਕੰਪਨੀ ਰਾਹੀਂ ਘਰ ਖਰੀਦਣਾ ਜਾਂ ਵੇਚਣਾ ਆਸਾਨ ਹੈ ਕਿਉਂਕਿ ਮਾਰਗੇਜ਼ ਦਾ ਪ੍ਰਬੰਧ ਵੀ ਕੰਪਨੀ ਦੁਆਰਾ ਕੀਤਾ ਜਾਂਦਾ ਹੈ।

ਹਰ ਤਰ੍ਹਾਂ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਮਲਕੀਤ ਪਰਮਾਰ ਨੂੰ ਮਿਲੋ ਜਾਂ ਫੋਨ ਕਰੋ :



**Bus: (604) 590-1321 Res: 589-2650**

**8699 - 120th St., North Delta, B.C.**

ਪੰਨਾ 37 ਦੀ ਬਾਕੀ

ਦਾ ਗਰੀਬ ਹੋਣਾ ਤੇ ਕੁੜੀ ਦਾ ਅਮੀਰ ਹੋਣਾ ਇਹ ਸਭ ਨਾਸਿਰ ਹੁਸੈਨ ਦੀਆਂ ਫਿਲਮਾਂ ਦੀਆਂ ਪੱਕੀਆਂ ਨਿਸ਼ਾਨੀਆਂ ਹੁੰਦੀਆਂ ਹਨ। ਇਕੋ ਕਹਾਣੀ ਨੂੰ ਉਲਟਾ-ਪੁਲਟਾ ਕੇ ਉਹ ਕਈ ਫਿਲਮਾਂ ਬਣਾ ਚੁਕਾ ਹੈ।

'ਮੰਜ਼ਿਲ ਮੰਜ਼ਿਲ' ਵਿਚ ਉਸ ਨੇ ਡਿੰਪਲ ਕਪਾਡੀਆ ਨੂੰ ਹੀਰੋਇਨ ਲਿਆ ਸੀ ਤੇ ਸੰਨੀ ਨੂੰ ਹੀਰੋ, ਪਰ ਫਿਲਮ ਕੋਈ ਹਿਟ ਸਾਬਤ ਨਾ ਹੋ ਸਕੀ।

ਇਸ ਸਮੇਂ ਨਾਸਿਰ ਇਕ ਆਪਣੀ ਤੇ ਦੋ ਬਾਹਰਲੀਆਂ ਫਿਲਮਾਂ ਬਨਾਉਣ ਵਿਚ ਰੁੱਝਾ ਹੋਇਆ ਹੈ। ਭਾਵੇਂ 'ਮੰਜ਼ਿਲ ਮੰਜ਼ਿਲ' ਦੇ ਫੇਲ੍ਹ ਹੋਣ ਦੇ ਕਈ ਕਾਰਨ ਸਨ ਪਰ ਨਾਸਿਰ ਸਾਰਾ ਦੋਸ਼ 'ਨਕਲੀ ਵੀਡੀਓ ਕੈਸਟਾਂ' ਬਨਾਉਣ ਵਾਲਿਆਂ ਦੇ ਸਿਰ ਮੜ੍ਹਦਾ ਹੈ।

ਨਾਸਿਰ ਹੁਸੈਨ ਦੀਆਂ ਫਿਲਮਾਂ ਦਾ ਇਕ ਹੋਰ ਅਹਿਮ ਪੱਖ ਵੀ ਹੈ ਕਿ ਇਹ ਗੀਤ-ਸੰਗੀਤ ਉਪਰ ਬਹੁਤ ਜ਼ੋਰ ਦਿੰਦਾ ਹੈ। ਉਹਦੀ ਹਰੇਕ ਫਿਲਮ ਦੇ ਦੋ-ਤਿੰਨ ਗੀਤ ਅਕਸਰ ਹਿੱਟ ਹੁੰਦੇ ਹਨ ਤੇ ਚਿਰਜੀਵੀ ਪ੍ਰਭਾਵ ਛੱਡਦੇ ਹਨ ਜਿਵੇਂ ਕਿ ਯਾਦੋਂ ਕੀ ਬਾਰਾਤ ਆਈ ..., ਚੁਨਰੀ ਸੰਭਾਲ ਗੋਰੀ ...., ਚੜ੍ਹਤੀ ਜਵਾਨੀ ਤੇਰੀ ਚਾਲ ਮਸਤਾਨੀ...

## ਥੀਏਟਰ ਕਰਦਾ ਰਹਾਂਗਾ — ਸ਼ਫੀ

ਸ਼ਫੀ ਇਨਾਮਦਾਰ ਦਾ ਕਹਿਣਾ ਹੈ ਕਿ ਉਹ ਫਿਲਮਾਂ ਵਿਚ ਭਾਵੇਂ ਪੂਰੀ ਤਰ੍ਹਾਂ ਰੁਝਿਆ ਹੋਇਆ ਹੈ ਪਰ ਥੀਏਟਰ ਨਾਲ ਵੀ ਸਦਾ ਜੁੜਿਆ ਰਹੇਗਾ। ਸ਼ਫੀ ਨੇ ਫਿਲਮਾਂ ਵਿਚ ਆਉਣ ਤੋਂ ਪਹਿਲਾਂ ਲੰਮਾ ਅਰਸਾ ਥੀਏਟਰ ਕੀਤਾ। ਫਿਲਮਾਂ ਵਿਚ ਆਉਣ ਵਾਸਤੇ ਉਹਨੂੰ ਸੰਘਰਸ਼ ਕਰਨਾ ਪਿਆ। ਉਸ ਦਾ ਵਿਸ਼ਵਾਸ਼ ਹੈ ਕਿ ਫਿਲਮਾਂ ਵਿਚ ਸਿਖਣ-ਸਿਖਾਉਣ ਨੂੰ ਕੁਝ ਨਹੀਂ ਹੁੰਦਾ, ਸਿਖਾਉਂਦਾ ਤਾਂ ਸਿਰਫ ਥੀਏਟਰ ਹੈ। ਜਦੋਂ ਭਾਰਤੀ ਟੈਲੀਵੀਜ਼ਨ ਨੇ ਕੁਝ ਸਾਲ ਪਹਿਲਾਂ ਫਿਲਮੀ ਹਸਤੀਆਂ ਨੂੰ ਲੈ ਕੇ ਟੀ. ਵੀ. ਸੀਰੀਅਲ ਬਨਾਉਣੇ ਆਰੰਭ ਕੀਤੇ ਤਾਂ ਸ਼ਫੀ ਇਨਾਮਦਾਰ 'ਯਹ ਜੋ ਹੈ ਜ਼ਿੰਦਗੀ' ਰਾਹੀਂ ਲੱਖਾਂ ਦਰਸਕਾਂ ਦਾ ਚਹੇਤਾ ਕਲਾਕਾਰ ਬਣ ਗਿਆ। ਸਿਨੇਮਾ-ਸਕਰੀਨ ਉਪਰ ਉਸ ਨੂੰ ਅਸੀਂ 'ਅਰਧ-ਸਤਯ', 'ਆਜ ਕੀ ਆਵਾਜ਼', 'ਸਾਗਰ', 'ਜਾਨ ਕੀ ਬਾਜ਼ੀ' ਦੁਆਰਾ ਦੇਖ ਚੁਕੇ ਹਾਂ ਤੇ 'ਅਵਾਮ', 'ਅੰਜਾਮ' ਉਹਦੀਆਂ ਆਉਣ ਵਾਲੀਆਂ ਫਿਲਮਾਂ ਦੀ ਸੂਚੀ ਵਿਚ ਸ਼ਾਮਲ ਹਨ।

## ਹੇਮਾ ਮਾਲਿਨੀ ਬਨਾਮ 'ਜ਼ਾਮਿਨ'

ਡਾਇਰੈਕਟਰ ਮਹੇਸ਼ ਭੱਟ ਬਾਰੇ ਇਹ ਗੱਲ ਆਮ ਆਖੀ ਜਾਂਦੀ ਹੈ ਕਿ ਉਹ ਜ਼ਿੰਦਗੀ ਦੀਆਂ ਅਸਲ ਕਹਾਣੀਆਂ ਨੂੰ ਲੈ ਕੇ ਫਿਲਮ ਬਣਾਉਂਦਾ ਹੈ। ਕਾਫੀ ਦੇਰ ਤੋਂ ਨਿਰਮਾਣ ਅਧੀਨ 'ਜ਼ਾਮਿਨ' ਸਬੰਧੀ ਵੀ ਇਹੋ ਚਰਚਾ ਹੈ ਕਿ ਫਿਲਮ ਦੀ ਕਹਾਣੀ ਹੇਮਾ ਮਾਲਿਨੀ ਦੇ ਅਸਲ ਜੀਵਨ ਦੁਆਲੇ ਘੁੰਮਦੀ ਹੈ। ਹਾਂ, ਏਨਾ ਕੁ ਫਰਕ ਰੱਖਿਆ ਹੈ ਕਿ ਅਸਲੀ ਜ਼ਿੰਦਗੀ ਵਿਚ ਹੇਮਾ ਮਾਲਿਨੀ ਦੇ ਪਤੀ ਧਰਮਿੰਦਰ ਦੀਆਂ ਦੋ ਬੀਵੀਆਂ ਹਨ ਪਰ ਫਿਲਮ ਵਿਚ ਹੇਮਾ ਮਾਲਿਨੀ ਦੇ ਦੋ ਪਤੀ ਹਨ।

'ਜ਼ਾਮਿਨ' ਵਿਚ ਹੀਰੋਇਨ ਹੇਮਾ ਮਾਲਿਨੀ ਦਾ ਹੀਰੋ ਰਾਜ ਬੱਬਰ ਨਾਲ ਵਿਆਹ ਤੇ ਫੇਰ ਤਲਾਕ ਹੁੰਦਾ ਵਿਖਾਇਆ ਹੈ। ਉਸ ਦਾ ਦੂਜਾ ਪਤੀ ਅਨੁਪਮ ਖੇਰ ਬਣਦਾ ਹੈ। ਪਹਿਲੇ ਪਤੀ ਨਾਲ ਰਹਿੰਦਿਆਂ ਹੇਮਾ ਦੇ ਇਕ ਬੱਚਾ ਹੋ ਜਾਂਦਾ ਹੈ ਜਿਸ ਨੂੰ ਹੁਣ ਦੂਜਾ ਪਤੀ ਘਰ ਵਿਚ ਰੱਖਣਾ ਨਹੀਂ ਚਾਹੁੰਦਾ। ਉਹਦੀ ਮਰਜ਼ੀ ਹੈ ਕਿ ਬੱਚਾ ਜਾਂ ਹੋਸਟਲ ਛੱਡ ਦਿਤਾ ਜਾਵੇ ਜਾਂ ਵਿਦੇਸ਼ਾਂ ਵਿਚ ਭੇਜ ਦਿਤਾ ਜਾਵੇ। ਮਾਂ ਨੂੰ ਇਹ ਮਾਨਸਿਕਤਾ ਘੁਣ ਵਾਂਗ ਖਾ ਰਹੀ ਹੈ। ਉਹ ਔਲਾਦ ਨੂੰ ਵੀ ਦਿਲੋਂ ਚਾਹੁੰਦੀ ਹੈ ਤੇ ਪਤੀ ਨੂੰ ਵੀ ਅੰਤਾਂ ਦਾ ਪਿਆਰਦੀ ਹੈ। ਸਭ ਜਾਣਦੇ ਹਨ ਕਿ ਹੇਮਾ ਮਾਲਿਨੀ ਨੇ ਧਰਮਿੰਦਰ ਨਾਲ ਸ਼ਾਦੀ ਕਰਵਾਈ ਤੇ ਦੋ ਬੱਚੀਆਂ ਨੂੰ ਜਨਮ ਦਿਤਾ ਧਰਮਿੰਦਰ ਬੱਚੀਆਂ ਨੂੰ ਬੇਹੱਦ ਪਿਆਰ ਕਰਦਾ ਹੈ ਪਰ ਆਪਣੇ ਘਰ ਨਹੀਂ ਲਿਆ ਸਕਦਾ। ਬੱਚੀਆਂ ਨੂੰ ਬਾਪ ਦਾ ਪਿਆਰ ਮਿਲ ਵੀ ਗਿਆ ਹੈ ਪਰ ਨਹੀਂ ਵੀ। ਦੇਖਾਂਗੇ ਕਿ ਹੇਮਾ ਮਾਲਿਨੀ ਇਸ ਰੋਲ ਨੂੰ ਤੇ ਅਨੁਭਵਾਂ ਨਾਲ ਰਚੀਮਿਚੀ ਏਸ ਕਸ਼ਮਕਸ਼ ਨੂੰ ਸਕਰੀਨ ਉਤੇ ਕਿੰਜ ਨਿਭਾਉਂਦੀ ਹੈ।

ਬਦਲਦੀਆਂ ਰੁੱਤਾਂ ਲਾਵਾਰਿਸਾਂ ਵਾਂਗ
ਮੂੰਹ ਚੱਕੋ - ਚਕ ਵੇਖਦੀਆਂ ਹਨ
ਲੋਹੇ ਦੇ ਟੋਪਾਂ ਥੱਲੇ ਲੁਕੀਆਂ
ਜਨੂੰਨੀ ਅੱਖਾਂ
ਭੁੱਖੀਆਂ ਸੰਗੀਨਾਂ
ਉਨ੍ਹਾਂ ਦੇ ਸੰਗ ਸਾਥ
ਕਿੱਥੇ ਗੁੰਮ-ਗੁਆਚ ਗਏ ਹਨ

ਨੀ ਮਾਏ......
ਇਹ ਕੈਸੀਆਂ ਰਾਤਾਂ
ਸਾਰੇ ਦੇ ਸਾਰੇ ਸ਼ਹਿਰ ਨੂੰ
ਰੋਜ਼ ਦੰਦਲ ਪੈ ਜਾਂਦੀ ਹੈ
ਪਰ ਮੈਨੂੰ ਤਾਂ ਆਦਤ ਹੈ
ਮੇਰੀਏ ਮਾਏ......
ਲੋਰੀ ਸੁਣਨ ਦੀ......



ਫਿਲਮ 'ਆਧਾ ਰਾਮ ਆਧਾ ਰਾਵਣ' ਵਿਚ ਡੈਨੀ ਤੇ ਓਮ ਪੁਰੀ ਦੀ ਟੱਕਰ।

# ਪੰਜਾਬੀ ਫਿਲਮਾਂ ਬਨਾਉਣ ਦਾ ਖਤਰਾ ਕੌਣ ਸਹੇੜੇ ?

### ਫਿਲਮ ਨਿਰਮਾਤਾ - ਰਾਮ ਦਿਆਲ



'ਪੰਜਾਬੀ ਫਿਲਮਾਂ ਬਣਾਉਣ ਨੂੰ ਜੀਅ ਵੀ ਬੜਾ ਕਰਦਾ ਹੈ ਅਤੇ ਬਣਾਉਣੀ ਚਾਹੀਦੀ ਵੀ ਹੈ ਪਰ ਰਿਜਨਲ ਫਿਲਮਾਂ ਦੀ ਮਾਰਕੀਟ ਖਤਮ ਹੋ ਰਹੀ ਹੈ।' ਪੱਛਮੀ ਪੰਜਾਬ ਦਾ ਜੰਮਪਲ ਫਿਲਮ ਨਿਰਮਾਤਾ ਰਾਮ ਦਿਆਲ ਇਸ ਮਾਮਲੇ ਵਿਚ ਆਪਣੀ ਬੇਬਸੀ ਪ੍ਰਗਟਾਉਂਦਾ ਹੋਇਆ ਕਹਿੰਦਾ ਹੈ ਕਿ 'ਪੰਜਾਬੀ ਫ਼ਿਲਮ ਬਣਾਉਣਾ ਖਤਰਾ ਮੁੱਲ ਲੈਣ ਵਾਲੀ ਗੱਲ ਹੈ। ਫ਼ਿਲਮ ਬਣਾਉਣ ਲਈ ਘਟੋ ਘਟ ਦਸ ਲੱਖ ਰੁਪਏ ਖਰਚ ਕਰਨੇ ਪੈਂਦੇ ਹਨ। ਫ਼ਿਲਮ ਬਿਜ਼ਨਸ ਇਹੋ ਜਿਹਾ ਹੈ ਕਿ ਕੁਝ ਦਿਨ ਕਰਫੀਊ ਲੱਗ ਗਿਆ, ਬੰਦ ਹੋ ਗਿਆ ਜਾਂ ਕੋਈ ਗੜਬੜ ਹੋ ਗਈ ਤਾ ਲੱਖਾਂ ਦਾ ਘਾਟਾ ਪੈ ਜਾਂਦਾ ਹੈ।

25 ਹਿੰਦੀ ਫ਼ਿਲਮਾਂ ਦੇ ਨਿਰਮਾਤਾ ਰਾਮ ਦਿਆਲ ਜਿਹੜੇ ਕਿ ਪਿਛਲੇ ਦਿਨੀਂ ਆਪਣੇ ਕਿਸੇ ਰਿਸ਼ਤੇਦਾਰ ਨੂੰ ਮਿਲਣ ਲਈ ਚੰਡੀਗੜ੍ਹ ਵਿਚ ਸਨ, ਦਾ ਕਹਿਣਾ ਸੀ ਕਿ 70 ਪ੍ਰਤੀਸ਼ਤ ਫ਼ਿਲਮ ਨਿਰਮਾਤਾ ਪੰਜਾਬੀ ਹਨ ਪਰ ਫਿਰ ਵੀ ਉਹ ਹਿੰਦੀ ਫ਼ਿਲਮਾਂ ਬਣਾਉਂਦੇ ਹਨ। ਇਸੇ ਲਈ ਹਿੰਦੀ ਫ਼ਿਲਮਾਂ ਵਿਚ ਪੰਜਾਬੀ ਗੀਤਾਂ ਅਤੇ ਤਰਜ਼ਾਂ ਦੀ ਭਰਮਾਰ ਹੋ ਰਹੀ ਹੈ। ਉਸ ਦਾ ਕਹਿਣਾ ਸੀ ਕਿ ਪੈਸਾ ਕਮਾਉਣ ਲਈ ਬਹੁਤੇ ਨਿਰਮਾਤਾਵਾਂ ਨੂੰ ਸਟੰਟ ਹਿੰਦੀ ਫ਼ਿਲਮਾਂ ਬਣਾਉਣੀਆਂ ਹੀ ਪੈਂਦੀਆਂ ਹਨ। ਲਾਹੌਰ ਦੇ ਫ਼ਿਲਮ ਨਿਰਮਾਤਾ ਦੀਵਾਨ ਸਰਦਾਰੀ ਲਾਲ ਦੇ ਪੁਤਰ ਰਾਮ ਦਿਆਲ ਦੀ ਪਹਿਲੀ ਫ਼ਿਲਮ 1947 ਤੋਂ ਪਹਿਲਾ ਲਾਹੌਰ ਵਿਚ ਬਣੀ 'ਬਰਸਾਤ ਕੀ ਏਕ ਰਾਤ' ਸੀ। ਪਿਛਲੇ 40 ਸਾਲ ਦੇ ਅਰਸੇ ਵਿਚ ਦੋਰਾਹਾ, ਪ੍ਰਭਾਤ, ਬਾਜ਼ੀਗਰ, ਹਸੀਨੋ ਕਾ ਦੇਵਤਾ, ਬਾਗੀ ਅਤੇ ਕਰਮਯੁਧ ਆਦਿ ਫ਼ਿਲਮਾਂ ਉਹਨੇ ਦਰਸ਼ਕਾਂ ਨੂੰ ਦਿੱਤੀਆਂ ਹਨ।

ਕਿਤੇ ਇਹ ਨਾ ਹੋਵੇ
ਤੈਨੂੰ ਮੀਠੇ ਰਸੀਲੇ ਬੋਲ ਭੁਲ ਜਾਣ
"ਸਰਬਤ ਦਾ ਭਲਾ" ਬੁੱਲ੍ਹਾਂ ਤੋਂ ਕਿਰ
ਖਿੰਡ-ਪੁੰਡ ਜਾਏ
'ਤੇ ਮੈਨੂੰ ਕਦੀ ਨੀਂਦ ਨਾ ਆਏ
ਮੇਰੀਏ ਮਾਏ......




Main Street Clothing Manufacturer

SAVE ON CLOTHING

You've Never Seen Prices in B.C. Like This Before

TWO LOCATIONS

3293 Main St. (at 17th Ave.)
Vancouver, B.C. V5V 3M6
Ph. 872-3121

9377 - 120th St.
Scott Rd. & 93rd Ave.)
DELTA, B.C. V4C 6R9

This coupon is worth:
$2.00 OFF
on the purchase of any dress over $10.00

# GILL AUTO SALES



# GRAND OPENING



DR #8220

6138 Kingsway (Near Imperial), BURNABY, B.C.

**Phone 432-7333**

## 1 ਨਵੰਬਰ, ਦਿਨ ਸ਼ਨਿਚਰਵਾਰ, 1986

10 ਵਜੇ ਕਾਰਾਂ, ਪਿਕਅੱਪ, ਵੈਨਾਂ ਵੇਖਣ ਲਈ ਗਿੱਲ ਆਟੋ ਸੇਲਜ਼ 'ਤੇ ਪਹੁੰਚੋ!

(10 ਵਜੇ ਤੋਂ 3 ਵਜੇ ਤੱਕ ਗਾਹਕਾਂ ਲਈ ਰੀਫਰੈਸ਼ਮੈਂਟਸ ਦਾ ਵੀ ਬੰਦੋਬਸਤ ਹੈ)

**ਉਦਘਾਟਨ ਦੇ ਮੌਕੇ ਉਤੇ**

## ਸਪੈਸ਼ਲ ਸੇਲ

**ਵੀ ਲੱਗੇਗੀ**

ਫਾਈਨੈਂਨਸ ਦਾ ਪ੍ਰਬੰਧ ਕੀਤਾ ਜਾਵੇਗਾ (O.A.C.)
ਕਾਰਾਂ, ਵੈਨਾਂ, ਪਿਕਅੱਪ ਲੈਣ ਸਮੇਂ ਤੁਸੀਂ ਕੁਝ ਕੁ ਪੈਸੇ ਵੱਧ ਦੇ ਕੇ ਵਾਰੰਟੀ, ਐਕਸੀਡੈਂਟ ਇਨਸ਼ੋਰੈਂਸ ਵੀ ਖਰੀਦ ਸਕਦੇ ਹੋ !

## ਗਿੱਲ ਆਟੋ ਸੇਲਜ਼ 'ਤੇ ਪਹੁੰਚੋ

**ਫੋਨ ਕਰੋ — ਪ੍ਰਲਾਦ ਗਿੱਲ — ਸੁਰਿੰਦਰ ਸਿੰਘ**

**432-7333**



ਸਰੀ ਵਿਚ ਤੁਹਾਡੀ ਕਮਿਊਨਿਟੀ ਦਾ ਸਭ ਤੋਂ ਮਸ਼ਹੂਰ ਸਟੋਰ
ਗਿੱਲ-ਫੋਰਡ-ਫਰਨੀਚਰ




# ਲਓ ਜੀ

# ਦੀਵਾਲੀ ਆ ਗਈ

## ਅਤੇ

## ਗਿੱਲਫਰਡ ਫਰਨੀਚਰ 'ਤੇ ਸ਼ੁਰੂ ਹੋ ਗਈ

# ਮਸ਼ਾਲ-ਤੋੜ ਸੇਲ

- ਭੈਣੋ ਅਤੇ ਭਰਾਵੋ ਇਹ ਗੱਲ ਨੋਟ ਕਰ ਲਓ ਕਿ ਗਿੱਲਫਰਡ ਫਰਨੀਚਰ 'ਤੇ ਮਸ਼ਾਲ-ਤੋੜ ਸੇਲ ਲੱਗ ਗਈ ਹੈ ਜਿਸ ਵਿਚ ਪਿਛਲੀਆਂ ਸਭ ਕੀਮਤਾਂ ਵਾਲੀ ਮਸ਼ਾਲ ਤੋੜ ਕੇ ਰੱਖ ਦਿਤੀ ਜਾਵੇਗੀ।

## ਖਿਆਲ ਨਾਲ ਪੜ੍ਹੋ

- ਕਿ ਗਿੱਲਫਰਡ ਫਰਨੀਚਰ 'ਤੇ 9 ਪੀਸ ਡਾਇਨਿੰਗ ਸੈੱਟ ਇਕ 1400 ਦਾ ਇਕ 1600 ਦਾ ਇਕ 2000 ਦਾ ਅਤੇ ਬਾਕੀ ਸਾਰੇ ਹੀ ਡਾਇਨਿੰਗ ਸੈੱਟਾਂ ਉਤੇ ਕੀਮਤਾਂ ਵਾਲੀ ਉਹ ਮਸ਼ਾਲ ਤੋੜੀ ਜਾਵੇਗੀ ਜਿਸਦੀ ਮਿਸਾਲ ਬੀ. ਸੀ. ਦੇ ਕੋਨੇ ਕੋਨੇ ਵਿਚ ਕਿਤੋਂ ਵੀ ਨਹੀਂ ਮਿਲ ਸਕੇਗੀ

## ਧਿਆਨ ਦਿਓ

- ਕਿ ਤਿੰਨ ਪੀਸ ਸੋਫ਼ਾ ਸੈਟ ਕੋਈ 1000 ਦਾ ਕੋਈ 1200 ਦਾ ਕੋਈ 1400 ਦਾ, ਇਸ ਤੋਂ ਇਲਾਵਾ ਸਟੋਰ ਵਿਚ ਪਏ ਸਾਰੇ ਹੀ ਸੋਫਾ ਸੈੱਟ ਮਸ਼ਾਲ-ਤੋੜ ਕੀਮਤਾਂ ਵਿਚ ਮਸ਼ਾਲ-ਤੋੜ ਰੰਗਾਂ ਵਿਚ ਉਨ੍ਹਾਂ ਕੀਮਤਾਂ 'ਤੇ ਮਿਲਣਗੇ ਜਿਨ੍ਹਾਂ ਕੀਮਤਾਂ ਦਾ ਕੋਈ ਸੁਪਨਾ ਵੀ ਨਹੀਂ ਲੈ ਸਕਦਾ।

## ਜੀ ਹਾਂ

- ਗਿੱਲਫਰਡ ਫਰਨੀਚਰ 'ਤੇ ਸੌਲਿਡ ਪਾਈਨ ਦੀਆਂ ਬੈੱਡ-ਰੂਮ ਸੁਈਟਾਂ ਵਿਚ ਸਭ ਤੋਂ ਵੱਧ ਸਲੈਕਸ਼ਨ — ਸੀਲੀ ਦੇ ਮੈਟਰਸਾਂ ਉਤੇ। ਸਭ ਤੋਂ ਵੱਧ ਸਲੈਕਸ਼ਨ ਅਤੇ ਇਨ੍ਹਾਂ ਦੀਆਂ ਕੀਮਤਾਂ ਵਾਲੀ ਮਸ਼ਾਲ ਨਵੰਬਰ ਦੇ ਅਖੀਰ ਤੱਕ ਤੋੜੀ ਜਾਵੇਗੀ।

## ਆ ਜਾਓ !

Something New!
Ask About Our
GILLFORD
FURNITUREMART
CREDIT CARD
SERVICE
APPLY TODAY.

# GILL-FORD FURNITUREMART

"Better Quality Furnishing at Discount Prices"

13442 - 108th Avenue, Surrey

VISA | MasterCard

Financing Available O.A.C.

HOURS: Mon.-Fri. 10-9. Sat. Sun. & Holidays 10-6.

588-4461